# ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ

# ਸਟੀਕ

## ਚੰਡੀ ਚਰਿਤ੍ਰ ਦੂਸਰਾ

ਟੀਕਾਕਾਰ - ਸਵਾਮੀ ਹਰਿਨਾਮ ਦਾਸ ਉਦਾਸੀਨ

ਸੰਪਾਦਕ - ਭਜਨ ਸਿੰਘ

ਪ੍ਰਕਾਸ਼ਕ - ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ, ਲਧਿਆਣਾ (ਪੰਜਾਬ)

**ੴ ਸ੍ਰੀ ਵਾਹਗੁਰੂ ਜੀ ਕੀ ਫਤੇ[1]॥**

**ਅਥ ਚੰਡੀ ਚਰਿਤ੍ਰ ਲਿਖ੍ਯਤੇ ਪਾ: ੧੦॥**

**ਨਰਾਜ ਛੰਦ॥**

**ਮਹਿੱਖ ਦੈਤਜ ਸੂਰਿਯੰ॥ ਬਢ੍ਯੋ ਸੁ ਲੋਹ ਪੂਰਿਯੰ॥**

**ਸੁ ਦੇਵਰਾਜ ਜੀਤਿਯੰ॥ ਤ੍ਰਿਲੋਕਿ ਰਾਜ ਕੀਤਿਯੰ॥੧॥**

***ਭਾਵਾਰਥ:–*** (੧) ਸ੍ਰੀ ਗੁਰੂ ਨਾਨਕ ਦੇਵ ਜੀ (ਮਹਲਾ ੧) ਅਤੇ ਓਅੰ (ਸਿਮਰਨ) ਨਾਲ ਸੋਹਣੇ ਵਾਹਿਦ ਗੁਰੂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਹੀ ਜਿੱਤ ਹੈ। ਹੁਣ ਦਸਵੇਂ ਪਾਤਸ਼ਾਹ ਚੰਡੀ ਚਰਿਤ੍ਰ (ਦੂਜਾ) ਲਿਖਦੇ ਹਨ॥

(ਮਹਿਖਾ ਦੈਂਤ) ਮਹਿਖਾਸੁਰ ਯੋਧਾ। (ਲੋਹ) ਤਬਕ ਸੰਸਾਰ ਪੂਰੇ ਵਿੱਚ ਵਧ ਗਿਆ। (ਦੇਵਰਾਜ) ਇੰਦਰ ਨੂੰ ਜਿੱਤ ਲਿਆ। ਤ੍ਰਿਲੋਕੀ ਦਾ ਰਾਜ ਆਪਣਾ ਕਰ ਲਿਆ॥੧॥

**ਭਜੇ ਸੁ ਦੇਵਤਾ ਤਬੈ॥ ਇਕਤ੍ਰ ਹੋਇ ਕੈ ਸਬੈ॥**

**ਮਹੇਸੁਰਾਚਲੰ ਬਸੇ॥ ਬਿਸੇਖ ਚਿੱਤ ਮੋ ਤ੍ਰਸੇ॥੨॥**

***ਭਾਵਾਰਥ:–*** ਉਦੋਂ ਸਾਰੇ ਹੀ ਉੱਤਮ ਦੇਵਤੇ ਇਕੱਠੇ ਹੋ ਕੇ ਭੱਜ ਗਏ। (ਬਿਸੇਖ) ਬਹੁਤ ਹੀ (ਚਿੱਤ ਮੋ) ਚਿੱਤੋਂ ਡਰੇ ਹੋਏ (ਮਹੇਸੁਰਾਚਲੰ) ਸ਼ਿਵ ਦੇ ਪਹਾੜ ਭਾਵ ਕੈਲਾਸ਼ ’ਤੇ ਜਾ ਰਹੇ॥੨॥

**ਜੁਗੇਸ ਭੇਸ ਧਾਰ ਕੈ॥ ਭਜੇ ਹਥ੍ਯਾਰ ਡਾਰ ਕੈ॥**

**ਪੁਕਾਰ ਆਰਤੰ ਚਲੇ॥ ਬਿਸੂਰ ਸੂਰਮਾ ਭਲੇ॥੩॥**

***ਭਾਵਾਰਥ:–*** ਯੋਗੀਸ਼੍ਵਰਾਂ ਦਾ (ਭੇਸ) ਲਿਬਾਸ ਧਾਰ ਕੇ ਅਤੇ ਹਥਿਆਰ ਸੁੱਟ ਕੇ ਭੱਜ ਗਏ। (ਪੁਕਾਰ ਆਰਤੰ) ਦੁੱਖ ਦੀ ਪੁਕਾਰ ਭਾਵ ਰੋ ਕੇ ਬੋਲਣ ਦੀ ਕਿਰਿਆ ਜਾਂ ਰੋਂਦੇ ਹੋਏ ਅਤੇ ਝੂਰਦੇ ਹੋਏ ਚੰਗੇ ਚੰਗੇ ਯੋਧੇ ਤੁਰ ਪਏ॥੩॥

**ਬਰਖ ਕਿਤੇ ਤਹਾਂ ਰਹੇ॥ ਸੁ ਦੁੱਖ ਦੇਹ ਮੋ ਸਹੇ॥**

**ਜਗਤ੍ਰ ਮਾਤਿ ਧ੍ਯਾਇਯੰ॥ ਸੁ ਜੈਤਪਤ੍ਰ ਪਾਇਯੰ॥੪॥**

***ਭਾਵਾਰਥ:–*** (ਕਿਤੇ) ਕਈ ਵਰ੍ਹੇ ਹੀ ਓਥੇ ਰਹੇ, ਦੇਹਾਂ ਤੇ ਦੁੱਖ ਸਹਾਰਦੇ ਹੋਏ। ਜਗਤ ਮਾਤਾ ਨੂੰ ਸਿਮਰਿਆ, ਜਿਸ ਤੋਂ (ਜੈਤ ਪਤ੍ਰ) ਫ਼ਤਹ ਨਾਮਹ ਪਾਇਆ॥੪॥

**ਪ੍ਰਸੰਨ ਦੇਵਤਾ ਭਏ॥ ਚਰੰਨ ਪੂਜਬੇ ਧਏ॥**

**ਸਨੰਮੁਖਾਨ ਠੱਢਿਯੰ॥ ਪ੍ਰਣਾਮ ਪਾਨ ਪੱਢਿਯੰ॥੫॥**

---

[1] ਇਹ ਪਾਠ ਲਿਖਤ ਬੀੜਾਂ ਵਿੱਚ ਮੌਜੂਦ ਹੈ, ਵੇਖੋ ਬੀੜ ਭੰਗਹਾ ਜ਼ਿਲ੍ਹਾ ਬਹਿੜਾਯਚ ਯੂ. ਪੀ.।

***ਭਾਵਾਰਥ:–*** (ਜੋ ਜਗਤ ਮਾਤਾ ਦੇ) ਚਰਨ ਪੂਜਣ ਨੂੰ ਚੱਲੇ ਸਨ ਦੇਵਤੇ ਖੁਸ਼ ਹੋ ਕੇ। (ਸਨੰਮੁਖਾਨ) ਸਾਹਮਣੇ ਆ ਕੇ ਖਲੋ ਕੇ (ਪ੍ਰਣਾਮ ਪਾਨ) ਨਤੀਜੇ ਵਾਲਾ ਪੱਤ੍ਰ ਪੜ੍ਹਦੇ ਹਨ॥੫॥

**ਰਸਾਵਲ ਛੰਦ॥**

**ਤਬੈ ਦੇਵ ਧਾਏ॥ ਸਭੋ ਸੀਸ ਨਯਾਏ॥**

**ਸੁਮਨ ਧਾਰ ਬਰਖੇ ॥ ਸਬੈ ਸਾਧੁ ਹਰਖੇ॥੬॥**

***ਭਾਵਾਰਥ:–*** ਉਦੋਂ ਹੀ ਦੇਵਤੇ ਖੁਸ਼ੀ ਵਿੱਚ ਐਧਰ ਓਧਰ ਦੌੜੇ, ਸਾਰਿਆਂ ਨੇ ਸਿਰ ਨਿਵਾਏ। (ਸੁਮਨ) ਫੁੱਲਾਂ ਦੀ ਧਾਰ ਨੂੰ ਵਰਸਾਇਆ। ਸਾਰੇ (ਸਾਧੁ) ਭਲੇ ਭਾਵ ਦੇਵਤੇ ਪ੍ਰਸੰਨ ਹੋਏ॥੬॥

**ਕਰੀ ਦੇਬਿ ਅਰਚਾ॥ ਬ੍ਰਹਮ ਬੇਦ ਚਰਚਾ॥**

**ਜਬੈ ਪਾਇ ਲਾਗੇ॥ ਤਬੈ ਸੋਗ ਭਾਗੇ॥੭॥**

***ਭਾਵਾਰਥ:–*** ਦੇਵੀ ਦੀ (ਅਰਚਾ) ਪੂਜਾ ਕੀਤੀ। ਬ੍ਰਹਮ (ਬੇਦ) ਗਿਆਨ ਦੀ ਚਰਚਾ ਕੀਤੀ। ਜਦੋਂ ਪੈਰੀਂ ਲੱਗ ਗਏ। ਉਦੋਂ ਹੀ ਗ਼ਮ ਦੂਰ ਹੋ ਗਏ॥੭॥

**ਬਿਨੰਤੀ ਸੁਨਾਈ॥ ਭਵਾਨੀ ਰਿਝਾਈ॥**

**ਸਬੈ ਸਸਤ੍ਰ ਧਾਰੀ॥ ਕਰੀ ਸਿੰਘ ਸ੍ਵਾਰੀ॥੮॥**

***ਭਾਵਾਰਥ:–*** ਬੇਨਤੀ ਕੀਤੀ। (ਭਵਾਨੀ) ਸੰਸਾਰ ਨੂੰ ਪੈਦਾ ਕਰਨ ਵਾਲੀ ਦੁਰਗਾ ਨੂੰ ਪ੍ਰਸੰਨ ਕੀਤਾ। ਸਾਰੇ ਸ਼ਸਤਰਾਂ ਨੂੰ ਧਾਰਨ ਕਰਕੇ ਦੁਰਗਾ ਨੇ ਸ਼ੇਰ ’ਤੇ ਸਵਾਰੀ ਕੀਤੀ॥੮॥

**ਕਰੇ ਘੰਟ ਨਾਦੰ॥ ਧੁਨੰ ਨਿਰਬਿਖਾਦੰ॥**

**ਸੁਣ੍ਯੋ ਦੈਤਜ ਰਾਜੰ॥ ਸਜ੍ਯੋ ਜੁੱਧ ਸਾਜੰ॥੯॥**

***ਭਾਵਾਰਥ:–*** ਘੰਟੇ ਅਤੇ (ਨਾਦੰ) ਸੰਖ ਦੀ (ਨਿਰਬਿਖਾਦ) ਇਕ ਰਸ ਭਾਵ ਲਗਾਤਾਰ ਧੂਨੀ (ਕਰੇ) ਕਰਨ ਲੱਗ ਪਈ। (ਓਸ ਨੂੰ) ਦੈਂਤ ਰਾਜ ਮਹਿਖਾਸੁਰ ਨੇ ਸੁਣ ਕੇ। ਜੰਗ ਦਾ ਸਾਜੋ ਸਾਮਾਨ (ਸਜਿਓ) ਪਹਿਨ ਲਿਆ॥੯॥

**ਚੜ੍ਯੋ ਰਾਛਸੇਸੰ॥ ਰਚੇ ਚਾਰ ਅਨੇਸੰ॥**

**ਬਲੀ ਚਾਮਰੇਵੰ॥ ਹਠੀ ਚਿੱਛੁਰੇਵੰ॥੧੦॥**

**ਬਿੜਾਲੱਛ ਬੀਰੰ॥ ਚੜੇ ਬੀਰ ਧੀਰੰ॥**

**ਬਡੇ ਇੱਖੁ ਧਾਰੀ॥ ਘਟਾ ਜਾਨੁ ਕਾਰੀ॥੧੧॥**

***ਭਾਵਾਰਥ:–*** (ਰਾਛਸੇਸੰ) ਰਾਖਸ਼ਾਂ ਦਾ ਰਾਜਾ ਭਾਵ ਮਹਿਖਾਸੁਰ ਚੜ੍ਹਿਆ। (ਚਾਰ ਨੇਸੰ) ਚਾਰ ਫ਼ੌਜਦਾਰ ਬਣਾ ਕੇ॥ (੧) ਚਾਮਰ ਨਾਮ ਦਾ ਬਲੀ ਯੋਧਾ। (੨) ਚਿੱਛੁਰ ਨਾਮ ਦਾ (ਏਵੰ) ਨਿਸ਼ਚਾ ਕਰ ਕੇ

(ਹਠੀ) ਯੋਧਾ॥੧੦॥ (੩) ਬਿੜਾਲਛ (ਬਿੱਲੇ ਵਾਂਗ ਅੱਖਾਂ ਵਾਲਾ) ਨਾਮ ਦਾ ਯੋਧਾ[੧]। (ਧੀਰੰ) ਧੀਰਜਵਾਨ ਯੋਧੇ ਚੜ੍ਹ ਪਏ। ਵੱਡੇ (ਇੱਖੁ) ਧਨੁਸ਼ਧਾਰੀ ਸਨ। (ਜਾਨੁ) ਮਾਨੋ ਕਿ ਕਾਲੀ ਘਟਾ ਵਾਂਗ ਭਾਵ ਕਾਲੇ ਰੰਗ ਵਾਲੇ ਸਨ॥੧੧॥

**ਦੋਹਰਾ॥**

**ਬਾਣ ਜਿਤੇ ਰਾਛਸਨਿ ਮਿਲਿ[੨] ਛਾਡਤ ਭਏ ਅਪਾਰ॥**

**ਫੂਲ ਮਾਲ ਹ੍ਵੈ ਮਾਤ ਉਰ ਸੋਭੇ ਸਭੇ ਸੁਧਾਰ॥੧੨॥**

***ਭਾਵਾਰਥ:-*** ਰਾਖਸ਼ਾਂ ਨੇ ਮਿਲ ਕੇ, ਜਿੰਨੇ ਬੇਗਿਣਤ ਤੀਰ (ਛਾਡਤ ਭਏ) ਚਲਾਏ। ਮਾਤਾ (ਚੰਡਿਕਾ) ਦੇ (ਉਰ) ਗਲ ਵਿੱਚ ਸਾਰੇ ਹੀ (ਸੁਧਾਰ) ਚੰਗੀ ਤਰ੍ਹਾਂ ਅਥਵਾ ਚੰਗੀ ਕਤਾਰ ਵਾਲੀ ਫੁੱਲਾਂ ਦੀ ਮਾਲਾ ਵਾਗੂੰ ਸ਼ੋਭਾ ਦੇਂਦੇ ਹਨ॥੧੨॥

**ਭੁਜੰਗ ਪ੍ਰਯਾਤ ਛੰਦ॥**

**ਜਿਤੇ ਦਾਨਵੌਂ ਬਾਨ ਪਾਨੀ ਚਲਾਏ॥ ਤਿਤੇ ਦੇਵਤਾ ਆਪ ਕਾਟੇ ਬਚਾਏ॥**

**ਕਿਤੇ ਢਾਲ ਢਾਹੇ ਕਿਤੇ ਪਾਸ ਪੇਲੇ॥ ਭਰੇ ਬਸਤ੍ਰ ਲੋਹੂ ਜਨੋ ਫਾਗ ਖੇਲੇ॥੧੩॥**

***ਭਾਵਾਰਥ:-*** ਦੈਂਤਾਂ ਨੇ ਜਿੰਨੇ (ਪਾਨੀ) ਹੱਥੀਂ ਤੀਰ ਚਲਾਏ ਸਨ। ਦੇਵਤਾ (ਚੰਡਿਕਾ) ਨੇ ਆਪ ਹੀ (ਬਚਾਏ) ਖਿਆਲ ਨਾਲ ਕੱਟ ਦਿੱਤੇ। ਕਈ ਢਾਲਾਂ ਦੇ (ਢਾਹੇ) ਆਸਰੇ ਸਨ, ਕਈ (ਪਾਸ) ਕਮੰਦਾਂ ਭਾਵ ਫਾਹੀਆਂ (ਪੇਲੇ) ਪਾਉਂਦੇ ਸਨ। ਲਹੂ ਨਾਲ ਕੱਪੜੇ ਭਰੇ ਹੋਏ ਸਨ (ਜਨੋ) ਮਾਨੋ ਕਿ (ਫਾਗ) ਹੋਲੀ ਖੇਡਦੇ ਸਨ॥੧੩॥

**ਦ੍ਰੁਗਾ ਹੁੰਕਿਯੰ ਖੇਤ ਧੁੰਕੇ ਨਗਾਰੇ॥ ਕਰੰ ਪਟਿਸੰ ਪਰਘ ਪਾਸੀ ਸੰਭਾਰੇ॥**

**ਤਹਾਂ ਗੋਫਨੈ ਗੁਰਜ ਗੋਲੇ ਸੰਭਾਰੈਂ॥ ਹਠੀ ਮਾਰਹੀ ਮਾਰ ਕੈ ਕੈ ਪੁਕਾਰੈਂ॥੧੪॥**

***ਭਾਵਾਰਥ:-*** ਮੈਦਾਨੇ ਜੰਗ ਵਿੱਚ ਦੁਰਗਾ (ਹੁੰਕਿਯੰ) ਗੱਜੀ ਅਤੇ ਨਗਾਰੇ (ਧੁੰਕੇ) ਗੂੰਜੇ। (ਯੋਧਿਆਂ ਨੇ) ਹੱਥਾਂ ਵਿੱਚ ਪਟੇ, (ਪਰਘ) ਸ਼ਸਤਰ ਅਤੇ (ਪਾਸੀ) ਕਮੰਦਾ (ਸੰਭਾਰੇ) ਫੜ੍ਹੀਆਂ। ਓਥੇ ਹੀ (ਗੋਫਨੰ) ਗੋਪੀਏ, ਗੁਰਜ ਅਤੇ ਗੋਲੇ ਫੜ੍ਹੇ ਹੋਏ ਸਨ। (ਹਠੀ) ਯੋਧੇ ਮਾਰੋ ਮਾਰ ਹੀ ਕਰ ਕੇ ਬੋਲੇ ਬੋਲਦੇ ਸਨ॥੧੪॥

---

[੧] ਏਥੇ 'ਪਿੰਗਾਛ' ਨਾਮੀ ਚੌਥੇ ਫ਼ੋਜਦਾਰ ਦਾ ਜ਼ਿਕਰ ਨਹੀਂ, ਪਰ ਅੱਗੇ ਜੰਗ ਵਿੱਚ 'ਬਿੜਾਲਾਛ' ਮਾਰੇ ਸੁ ਪਿੰਗਾਛ ਧਾਏ... (੨੩)' ਵਰਨਣ ਹੈ, ਇਹਨਾਂ ਚਹੁੰਆਂ ਦਾ ਜ਼ਿਕਰ ਮਾਰਕੰਡੇਯ ਪੁਰਾਣ ਦੀ ਦੁਰਗਾ ਸਪ੍ਤਸਤੀ ਵਿੱਚ ਨਹੀਂ ਹੈ।

[੨] ਭਾਵੇਂ ਏਸ ਵਿੱਚ ਮਾਤ੍ਰਾ ਪੂਰੀਆਂ ਹੀ ਹਨ ਪਰ ਏਸ ਵਿੱਚ ਲੈਅ ਦਾ ਪ੍ਰਸਾਰ ਸਰਲਤਾ ਨਾਲ ਨਹੀਂ, ਪਿੰਗਲ ਦੇ ਗਿਆਤਿਆਂ ਦਾ ਮੱਤ ਹੈ ਕਿ ਇਹ ਦੋਹਰੇ ਲਈ ਦੋਸ਼ ਹੈ।

**ਤਬੈ ਅਸ੍ਰ ਅਸ੍ਰਾ[1] ਹਥਯਾਰੰ ਸੰਭਾਰੇ॥ ਸਿਰੰ ਦਾਨਵੇਂਦ੍ਰਾਨ ਕੇ ਤਾਕਿ ਝਾਰੇ॥**
**ਬਬੱਕਯੋ ਬਲੀ ਸਿੰਘ ਜੁੱਧੰ ਮਝਾਰੰ॥ ਕਰੇ ਖੰਡ ਖੰਡੰ ਸੁ ਜੋਧਾ ਅਪਾਰੰ॥੧੫॥**

***ਭਾਵਾਰਥ:–*** ਉਦੋਂ (ਅਸ੍ਰਾ) ਅੱਠਾਂ (ਹੱਥਾਂ) ਵਿੱਚ ਅੱਠੇ ਹਥਿਆਰ ਸੰਭਾਲ ਕੇ, ਦੈਂਤਾਂ ਦਿਆਂ ਰਾਜਿਆਂ ਦੇ ਸਿਰਾਂ ਨੂੰ (ਤਾਕਿ) ਨਿਸ਼ਾਨਾ (ਲਖਯ) ਸਮਝ ਕੇ (ਝਾਰੇ) ਮਾਰਦੀ ਹੈ। ਜੰਗ ਵਿੱਚ ਬਲੀ ਸ਼ੇਰ ਗੱਜਿਆ ਅਤੇ ਬੇਅੰਤ ਯੋਧੇ ਟੁੱਕੜੇ-ਟੁੱਕੜੇ ਕਰ ਦਿੱਤੇ॥੧੫॥

**ਤੋਟਕ ਛੰਦ॥**

**ਤਬ ਦਾਨਵ ਰੋਸ ਭਰੇ ਸਬ ਹੀ॥ ਜਗਮਾਤ ਕੇ ਬਾਣ ਲਗੇ ਜਬ ਹੀ॥**
**ਬਿਬਿਧਾਯੁਧ ਲੈ ਸੁ ਬਲੀ ਹਰਖੇ॥ ਘਨ ਬੂੰਦਨ ਜਯੋਂ ਬਿਸਖੰ ਬਰਖੇ॥੧੬॥**

***ਭਾਵਾਰਥ:–*** ਜਦੋਂ ਹੀ ਜਗਤ ਮਾਤਾ (ਦੁਰਗਾ) ਦੇ ਤੀਰ ਵੱਜੇ ਉਦੋਂ ਸਾਰੇ ਹੀ ਦੈਂਤ ਗੁੱਸੇ ਵਿੱਚ ਭਰ ਗਏ। (ਬਿਬਿਧਿ) ਨਾਨਾ ਪ੍ਰਕਾਰ ਭਾਵ ਬਹੁਤ ਤਰ੍ਹਾਂ ਦੇ (ਆਯੁਧੁ) ਸ਼ਸਤਰ ਲੈ ਕੇ ਬਲਵਾਨ ਖੁਸ਼ ਹੋਏ। ਬੱਦਲ ਦੀਆਂ ਬੂੰਦਾਂ ਵਾਂਗ (ਬਿਸਖੰ) ਤੀਰ ਵਰ੍ਹੇ॥੧੬॥

**ਜਨੁ ਘੋਰ ਕੈ ਸਯਾਮ ਘਟਾ ਘੁਮਡੀ॥ ਅਸੁਰੇਸ ਅਨੀਕਨਿ ਤਯੋਂ ਉਮਡੀ॥**
**ਜਗ ਮਾਤ ਬਿਰੂਥਨਿ ਮੋ ਧਸਿ ਕੈ॥ ਧਨੁ ਸਾਇਕ ਹਾਥ ਗਹਯੋ ਕਸਿ ਕੈ[2]॥੧੭॥**

***ਭਾਵਾਰਥ:–*** (ਜਨੁ) ਮਾਨੋ ਕਿ (ਸਿਆਮ) ਕਾਲੀ ਘਟਾ (ਘੋਰ) ਜਮਾ ਹੋ ਕੇ (ਘੁਮਡੀ) ਗੱਜੀ ਹੈ। (ਅਸੁਰੇਸ) ਮਹਿਖਾਸੁਰ ਦੀ (ਅਨੀਕਨਿ) ਫ਼ੌਜ ਉਸੇ ਤਰ੍ਹਾਂ ਹੀ (ਉਮਡੀ) ਉੱਛਲ ਪਈ। ਜਗਤ ਮਾਤਾ (ਬਿਰੂਥਨਿ) ਫ਼ੌਜ ਵਿੱਚ ਧੱਸ ਗਈ ਅਤੇ ਹੱਥ ਵਿੱਚ (ਸਾਇਕ) ਤੀਰ ਕਮਾਨ ਪ੍ਰਸੰਨਤਾ ਪੂਰਵਕ ਫੜ੍ਹਿਆ ਹੋਇਆ ਸੀ॥੧੭॥

**ਰਣ ਕੁੰਜਰ ਪੁੰਜ ਗਿਰਾਇ ਦਿਯੇ॥ ਇਕ ਖੰਡ ਅਖੰਡ ਦੁਖੰਡ ਕਿਯੇ॥**
**ਸਿਰ ਏਕਨਿ ਚੋਟ ਨਿਫੋਟ ਬਹੀ॥ ਤਰਵਾ ਤਰ ਹ੍ਵੈ ਤਰਵਾਰ ਰਹੀ॥੧੮॥**

***ਭਾਵਾਰਥ:–*** ਜੰਗ ਵਿੱਚ (ਪੁੰਜ) ਕਈ (ਕੁੰਜਰ) ਹਾਥੀ ਸੁੱਟ ਦਿੱਤੇ। ਕਈ ਅਖੰਡ (ਯੋਧੇ) ਮਾਰ ਕੇ ਦੋ ਟੁੱਕੜੇ ਕਰ ਦਿੱਤੇ। (ਏਕਨਿ) ਕਈਆਂ ਦੇ ਸਿਰ ਤੇ (ਨਿਫੋਟ) ਅਚੂਕ ਭਾਵ ਬੇਰੋਕੀ ਸੱਟ (ਬਹੀ) ਲੱਗੀ। ਤਲਵਾਰ ਹੀ (ਤਰਵਾ ਤਰ) ਹੇਠਾਂ ਤੋਂ ਹੇਠਾਂ ਭਾਵ ਅੱਗੇ ਤੋਂ ਅੱਗੇ ਹੋ ਰਹੀ ਸੀ॥੧੮॥

**ਤਨ ਝੱਝਰ ਹ੍ਵੈ ਰਣ ਭੂਮਿ ਗਿਰੇ॥ ਇਕ ਭਾਜ ਚਲੇ ਫਿਰ ਕੈ ਨ ਫਿਰੇ॥**
**ਇਕਿ ਹਾਥ ਹਥਯਾਰ ਲੈ ਆਨ ਬਹੇ॥ ਲਰਿ ਕੈ ਮਰਿ ਕੈ ਗਿਰਿ ਖੇਤ ਰਹੇ॥੧੯॥**

---

[1] 'ਤਬੈ ਅਸਟ ਅਸਟਾਥ' ਪਾਠ ਭੁਜੰਗ ਪ੍ਰਯਾਤ ਛੰਦ ਦੀ ਗਣ ਰਚਨਾ ਅਨੁਸਾਰ ਅਸ਼ੁੱਧ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਕਾਵਿ ਅਤੇ ਪਿੰਗਲ ਤੋਂ ਅੰਞਾਣ ਲਿਖਾਰੀਆਂ ਨੇ ਬਹੁਤ ਵਿਗਾੜਿਆ ਹੋਇਆ ਹੈ ਅਤੇ ਦੰਭੀਆਂ ਨੇ ਸ਼ੁੱਧ ਲਿਖਣ ਨੂੰ ਪਾਪ ਕਰਾਰ ਦਿੱਤਾ ਹੋਇਆ ਹੈ।

[2] ਪਾਠ 'ਹਸਿ ਕੈ' ਵੀ ਹੈ।

***ਭਾਵਾਰਥ:-*** ਕਈਆਂ ਦੇ ਸਰੀਰ (ਝੱਝਰ) ਛਾਨਣੀ-ਛਾਨਣੀ ਹੋ ਕੇ ਮੈਦਾਨੇ ਜੰਗ ਵਿੱਚ ਡਿੱਗ ਪਏ। ਕਈ ਭੱਜ ਤੁਰੇ ਜੋ ਫੇਰ ਨਹੀਂ ਮੁੜ ਸਕੇ ਸਨ। ਕਈ (ਆਨ) ਹੋਰ (ਬਹੇ) ਚੱਲਣ ਵਾਲੇ ਤੇਜ਼ ਹਥਿਆਰ ਹੱਥਾਂ ਵਿਚ ਲੈ ਕੇ ਲੜਦੇ ਹੋਏ ਮਰ ਕੇ ਮੈਦਾਨੇ ਜੰਗ ਵਿੱਚ ਡਿੱਗ ਰਹੇ ਸਨ॥੧੯॥

**ਨਰਾਜ ਛੰਦ॥**

**ਤਹਾਂ ਸੁ ਦੈਤਜ ਰਾਜਿਯੰ॥ ਸਜੇ ਸੁ ਸਰਬ ਸਾਜਿਯੰ॥**
**ਤੁਰੰਗ[੧] ਆਪ ਬਾਹਿਯੰ॥ ਬਧੰ ਸੁ ਮਾਤ ਚਾਹਿਯੰ॥੨੦॥**

***ਭਾਵਾਰਥ:-*** ਓਥੇ (ਦੈਂਤ ਰਾਜ) ਚਾਮਰ ਦੈਂਤ ਹਨ। ਸਾਰੇ ਸਾਜ ਸਜਾਏ। ਆਪ (ਤੁਰੰਗ) ਘੋੜਾ (ਬਾਹਿਯੰ) ਚਲਾਇਆ। ਮਾਤਾ ਦੁਰਗਾ ਨੂੰ (ਬਧੰ) ਮਾਰਨਾ ਚਾਹਿਆ॥੨੦॥

**ਤਬੈ ਦ੍ਰੁਗਾ ਬਕਾਰਿ ਕੈ॥ ਕਮਾਣ ਬਾਣ ਧਾਰਿ ਕੈ॥**
**ਸੁ ਘਾਵ ਚਾਮਰੰ ਕਿਯੋ॥ ਉਤਾਰ ਹਸਤ[੨] ਤੇ ਦਿਯੋ॥੨੧॥**

***ਭਾਵਾਰਥ:-*** ਉਦੋਂ ਹੀ ਦੁਰਗਾ ਨੇ (ਬਕਾਰਿ) ਗੱਜ ਕੇ ਅਤੇ ਤੀਰ ਕਮਾਨ (ਧਾਰਿ) ਫੜ੍ਹ ਕੇ। ਚਾਮਰ (ਨਾਮੇ ਦੈਂਤ) ਨੂੰ (ਘਾਵ) ਮਾਰਨ (ਵਾਰ) ਕੀਤਾ ਅਤੇ (ਹਸਤ) ਹਾਥੀ ਤੋਂ ਲਾਹ ਦਿੱਤਾ॥੨੧॥

**ਭੁਜੰਗ ਪ੍ਰਯਾਤ ਛੰਦ॥**

**ਤਬੈ ਬੀਰ ਕੋਪੰ ਬਿੜਾਲਾਛ ਨਾਮੰ॥ ਸਜੇ ਸਸਤ੍ਰ ਦੇਹੰ ਚਲਯੋ ਜੁੱਧ ਧਾਮੰ॥**
**ਸਿਰੰ ਸਿੰਘ ਕੇ ਆਨ ਘਾਯੰ ਪ੍ਰਹਾਰੰ॥ ਬਲੀ ਸਿੰਘ ਸੋ ਹਾਥ ਸੋਂ ਮਾਰਿ ਡਾਰੰ॥੨੨॥**

***ਭਾਵਾਰਥ:-*** ਉਦੋਂ ਹੀ ਬਿੜਾਲ ਅੱਖ (ਬਿੱਲੇ ਵਰਗੀਆਂ ਅੱਖਾਂ ਵਾਲੇ) ਨਾਮ ਵਾਲਾ ਯੋਧਾ ਕ੍ਰੋਧ ਵਿੱਚ ਆਇਆ। ਦੇਹੀ ਉੱਤੇ ਸ਼ਸਤਰ ਸਾਜ ਕੇ (ਜੁਧੰ ਧਾਮੰ) ਮੈਦਾਨੇ ਜੰਗ ਨੂੰ ਚੱਲ ਪਿਆ। ਆ ਕੇ ਸ਼ੇਰ

---

[੧] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੀ ਵਿਵਸਥਾ ਮੇਲਣ ਵਾਸਤੇ ਬਹੁਤੀਆਂ ਥਾਂਵਾਂ ਵਿੱਚ ਪ੍ਰਕਰਣ ਨੂੰ ਹੀ ਮੁੱਖ ਰੱਖਣਾ ਪੈਂਦਾ ਹੈ, ਭਾਵੇਂ ਧਾਤੂ ਪ੍ਰਕਿਰਿਆਨੁਕੂਲ ਉਹ ਅਰਥ ਸ਼ੁੱਧ ਹੀ ਹੁੰਦੇ ਹਨ ਪ੍ਰੰਤੂ ਭਾਵ ਦੀ ਅਲਹਿਦਗੀ ਪ੍ਰਕਰਣ ਨੂੰ ਠੀਕ ਨਹੀਂ ਬਣਨ ਦੇਂਦੀ। ਏਥੇ ਛੰਦ ਨੰ. ੨੦ ਵਿੱਚ (ਤੁਰੰਗ) ਘੋੜਾ ਅਤੇ ਛੰਦ ਨੰ. ੨੧ ਵਿੱਚ (ਹਸਤ) ਹਾਥੀ ਲਿਖਿਆ ਹੋਇਆ ਹੈ ਪਰੰਤੂ ਜਦੋਂ ਪ੍ਰਕਰਣ ਨੂੰ ਸੋਚਿਆ ਜਾਵੇ ਤਾਂ ਇਹ ਦੋਵੇਂ ਨਾਮ ਵਾਹਨ ਦੇ ਹੀ ਪ੍ਰਤੀਤਿ ਹੁੰਦੇ ਹਨ। ਏਸੇ ਵਾਸਤੇ ਮਾਲੂਮ ਪੈਂਦਾ ਹੈ ਕਿ ਜਾਂ ਤਾਂ 'ਤੁਰੰਗ' ਦੀ ਥਾਂ 'ਮਤੰਗ' ਪਾਠ ਸੀ ਜਾਂ 'ਹਸਤ' ਦੀ ਥਾਂ 'ਅਸ਼ਵ' ਪਾਠ ਸੀ, ਜੋ ਲਿਖਾਰੀ ਦੀ ਭੁੱਲ ਨਾਲ ਵਿਗੜਿਆ ਹੋਇਆ ਹੈ ਪਰੰਤੂ ਇੱਕ ਥਾਂ ਨਿਸ਼ਚਿਤ ਭੁੱਲ ਮੰਨੀ ਜਾ ਸਕਦੀ ਹੈ, ਜਿਸ ਤੋਂ ਸੰਕੋਚ ਕਰ ਕੇ ਉੱਪਰ ਸੁਧਾਰ ਨਹੀਂ ਕੀਤਾ ਜਾ ਸਕਦਾ। ਫੇਰ ਵੀ ਅਸਾਂ ਬਹੁਤ ਸਾਰੀਆਂ ਪੁਰਾਤਨ ਤੋਂ ਪੁਰਾਤਨ ਬੀੜਾਂ ਨਾਲ ਪਾਠ ਸੋਧਣ ਦਾ ਖ਼ਾਸ ਯਤਨ ਕੀਤਾ ਹੈ, ਜਿੱਥੇ ਕੋਈ ਪੇਸ਼ ਨਹੀਂ ਜਾ ਸੱਕੀ, ਓਥੇ ਪਾਠਕਾਂ ਤੋਂ ਖ਼ਿਮਾ ਦੇ ਹੱਕਦਾਰ ਹਾਂ। ਜੇ ਕੋਈ ਸੱਜਣ ਹੋਰ ਭਾਵ ਜਾਂ ਪਾਠਾਂਤਰ ਦੱਸੇਗਾ ਤਾਂ ਅਗਲੀ ਐਡੀਸ਼ਨ ਵਿੱਚ ਉਹ ਵੀ ਨਾਲ ਰੱਖ ਕੇ ਵਿਚਾਰਿਆ ਜਾਵੇਗਾ ਅਤੇ ਜੇ ਸ਼ੁੱਧ ਜਚਿਆ ਤਾਂ ਜ਼ਰੂਰ ਉਸੇ ਦੇ ਨਾਮ ਹੇਠ ਛਾਪਿਆ ਜਾਵੇਗਾ ਕਿਉਂਕਿ ਕਿਸੇ ਵਿਦਵਾਨ ਦੀ ਕਾਢ ਨੂੰ ਲੁਕਾ ਕੇ ਲਿਖਣਾ ਵੀ ਲੇਖਕ ਲਈ ਪਰਮ ਪਾਪ ਹੈ।

[੨] ਵੇਖੋ ਛੰਦ ਨੰ. ੨੦ ਦਾ ਫੁੱਟ ਨੋਟ।

ਦੇ ਸਿਰ ਤੇ (ਘਾੜੰ) ਵਾਰ (ਪ੍ਰਹਾਰੰ) ਚਲਾਇਆ। ਸ਼ੇਰ ਬਲੀ ਨੇ ਉਹਨੂੰ (ਹਾਥ) ਪੰਜੇ ਨਾਲ ਹੀ ਮਾਰ ਸੁੱਟਿਆ॥੨੨॥

**ਬਿੜਾਲਾਛ ਮਾਰੇ ਸੁ ਪਿੰਗਾਛ ਧਾਏ॥ ਦ੍ਰੁਗਾ ਸਾਮੁਹੇ ਬੋਲ ਬਾਂਕੇ ਸੁਨਾਏ॥**
**ਕਰੀ ਅਭ੍ਰ ਜਯੋਂ ਗਰਜ ਕੈ ਬਾਣ ਬਰਖੰ॥ ਮਹਾ ਸੂਰਬੀਰੰ ਭਰੇ ਜੁੱਧ ਹਰਖੰ॥੨੩॥**

***ਭਾਵਾਰਥ:–*** ਬਿੜਾਲ ਅੱਖ ਵਾਲਾ ਮਾਰਿਆ ਗਿਆ ਅਤੇ ਪਿੰਗਾਛ (ਪੀਲੀਆਂ ਅੱਖਾਂ ਵਾਲੇ) ਨਾਮ ਦਾ ਯੋਧਾ ਚੜ੍ਹਿਆ। ਦੁਰਗਾ ਦੇ ਸਾਹਮਣੇ (ਬਾਂਕੇ) (ਟੇਢੇ) ਕੁਬੋਲ ਸੁਣਾ ਕੇ। (ਅਭ੍ਰ) ਬੱਦਲ ਵਾਂਗ ਗੱਜ ਕੇ ਤੀਰਾਂ ਦੀ ਬਾਰਸ਼ ਕੀਤੀ। ਮਹਾਨ ਯੋਧੇ ਜੰਗ ਦੀ ਖੁਸ਼ੀ ਨਾਲ ਭਰਪੂਰ ਹਨ॥੨੩॥

**ਤਬੈ ਦੇਵਿਯੰ ਪਾਣ ਬਾਣੰ ਸੰਭਾਰੰ॥ ਹਨਯੋ ਦੁਸਟ ਕੇ ਘਾਇ ਸੀਸੰ ਮਝਾਰੰ॥**
**ਗਿਰਯੋ ਝੂਮਿ ਭੂਮੰ ਗਏ ਪ੍ਰਾਣ ਛੁੱਟੰ॥ ਮਨੋ ਮੇਰੁ ਕੋ ਸਾਤਵੋਂ ਸ੍ਰਿੰਗ ਟੁੱਟੰ॥੨੪॥**

***ਭਾਵਾਰਥ:–*** ਉਦੋਂ ਹੀ ਦੇਵੀ ਨੇ ਹੱਥ ਵਿੱਚ ਤੀਰ ਸੰਭਾਲ ਲਿਆ, ਦੁਸਟ (ਪਿੰਗਾਛ) ਦੇ ਸਿਰ ਵਿੱਚ ਵਾਰ ਮਾਰਿਆ। (ਝੂਮਿ) ਚੱਕਰ ਖਾ ਕੇ ਜ਼ਮੀਨ ’ਤੇ ਡਿੱਗ ਪਿਆ, ਪ੍ਰਾਣ ਛੁੱਟ ਗਏ। ਮਾਨੋ ਕਿ (ਮੇਰੁ) ਸੁਮੇਰ ਪਰਬਤ ਦਾ ਸੱਤਵਾਂ ਟਿੱਲਾ ਟੁੱਟ ਪਿਆ॥੨੪॥

**ਗਿਰੇ ਬੀਰ ਪਿੰਗਾਛ ਦੇਬੀ ਸੰਘਾਰੇ॥ ਚਲੇ ਔਰ ਬੀਰੰ ਹਥਯਾਰੰ ਉਘਾਰੇ॥**
**ਤਬੈ ਰੋਸ ਦੇਬੀ ਸਰੋਘੰ ਚਲਾਏ॥ ਬਿਨਾ ਪ੍ਰਾਨ ਕੈ ਜੁੱਧ ਮੱਧੰ ਗਿਰਾਏ॥੨੫॥**

***ਭਾਵਾਰਥ:–*** ਦੁਰਗਾ ਦੇਵੀ ਦਾ ਮਾਰਿਆ ਹੋਇਆ ਪਿੰਗਾਛ ਤਾਂ ਡਿੱਗ ਪਿਆ ਪਰ ਹੋਰ ਯੋਧੇ (ਹਥਿਆਰੰ) ਤਲਵਾਰਾਂ (ਉਘਾਰੇ) ਨੰਗੀਆਂ ਕਰ ਕੇ ਚੱਲ ਪਏ। ਉਦੋਂ ਹੀ ਦੁਰਗਾ ਦੇਵੀ ਨੇ ਗੁੱਸੇ ਨਾਲ (ਸਰੋਘੰ) ਬਹੁਤ ਤੀਰ ਛੱਡੇ। ਜੰਗ ਵਿੱਚ (ਬਿਨਾ ਪ੍ਰਾਨ) ਸਵਾਸਾਂ ਤੋਂ ਬਿਨਾਂ ਕਰਕੇ ਭਾਵ ਮਾਰ ਕੇ ਸੁੱਟ ਦਿੱਤੇ॥੨੫॥

**ਚੌਪਈ॥**
**ਜੇ ਜੇ ਸਤ੍ਰੁ ਸਾਮੁਹੇ ਆਏ॥ ਸਬੈ ਦੇਵਤਾ ਮਾਰਿ ਗਿਰਾਏ॥**
**ਸੈਨਾ ਸਕਲ ਜਬੈ ਹਨਿ ਡਾਰੀ॥ ਆਸੁਰੇਸ ਕੋਪਾ ਅਹੰਕਾਰੀ॥੨੬॥**

***ਭਾਵਾਰਥ:–*** ਜਿਹੜੇ ਜਿਹੜੇ (ਸਤ੍ਰੁ) ਵੈਰੀ ਸਾਹਮਣੇ ਆ ਗਏ। (ਦੇਵਤਾ) ਦੇਵੀ ਦੁਰਗਾ ਨੇ ਸਾਰੇ ਮਾਰ ਸੁੱਟੇ। ਜਦੋਂ ਸਾਰੀ ਫ਼ੌਜ ਮਾਰ ਸੁੱਟੀ, ਅਭਿਮਾਨੀ (ਆਸੁਰੇਸ) ਮਹਿਖਾਸੁਰ ਕ੍ਰੋਧ ਵਿੱਚ ਭਰ ਗਿਆ॥੨੬॥

**ਆਪ ਜੁੱਧ ਤਬ ਕੀਆ ਭਵਾਨੀ॥ ਚੁਨਿ ਚੁਨਿ ਹਨੇ ਪਖਰੀਆ ਬਾਨੀ॥**
**ਕ੍ਰੋਧ ਜ੍ਵਾਲ ਮਸਤਕ ਤੇ ਬਿਗਸੀ॥ ਤਾਂ ਤੇ ਆਪ ਕਾਲਿਕਾ ਨਿਕਸੀ॥੨੭॥**

***ਭਾਵਾਰਥ:*–** ਉਦੋਂ (ਭਵਾਨੀ) ਚੰਡਿਕਾ ਨੇ ਆਪ ਜੰਗ ਕੀਤਾ। (ਪਖਰੀਆ ਬਾਨੀ) ਘੋੜ ਸਵਾਰਾਂ ਦੇ ਆਗੂ ਚੁਣ ਚੁਣ ਕੇ ਮਾਰੇ। ਮੱਥੇ ਤੋਂ ਕ੍ਰੋਧ ਦੀ (ਜ੍ਵਾਲ) ਲਾਟ (ਬਿਗਸੀ) ਨਿਕਲੀ ਭਾਵ ਚਮਕੀ, ਉਸ ਤੋਂ ਆਪ ਕਾਲਿਕਾ ਨਿਕਲੀ॥੨੭॥

**ਮਧੁਭਾਰ ਛੰਦ॥**
**ਮੁਖ ਬਮਤ ਜ੍ਵਾਲ॥ ਨਿਕਸੀ ਕਪਾਲ॥**
**ਮਾਰੇ ਗਜੇਸ॥ ਛੁੱਟੇ ਹੈ ਏਸ॥੨੮॥**

***ਭਾਵਾਰਥ:*–** ਮੂੰਹੋਂ (ਜ੍ਵਾਲ) ਲਾਟ (ਬਮਤ) ਕੱਢਦੀ ਹੋਈ, (ਕਪਾਲੀ) ਕਾਲਿਕਾ ਦੇਵੀ ਨਿਕਲੀ, (ਗਜੇਸ) ਹਾਥੀਆਂ ਦੇ ਮਾਲਿਕ ਵੀ ਮਾਰ ਦਿੱਤੇ। (ਜੀਹਦੇ) ਵਾਲ ਖੁੱਲ੍ਹੇ ਹੋਏ ਸਨ॥੧੮॥

**ਛੁੱਟੰਤ ਬਾਣ॥ ਝਮਕਤ ਕ੍ਰਿਪਾਣ॥**
**ਸਾਗੰ ਪ੍ਰਹਾਰ॥ ਖੇਲਤ ਧਮਾਰ॥੨੯॥**

***ਭਾਵਾਰਥ:*–** ਤੀਰ ਚੱਲਦੇ, ਤਲਵਾਰਾਂ ਚਮਕਦੀਆਂ, ਬਰਛੀਆਂ ਵੱਜਦੀਆਂ ਮਾਨੋ ਕਿ (ਧਮਾਰ) ਲੁੱਡੀ ਭਾਵ ਭੰਗੜਾ ਖੇਡਦੇ ਹਨ॥੨੯॥

**ਬਾਹੈ ਨਿਸੰਗ॥ ਉੱਠੈ ਝੜੰਗ॥**
**ਤੁੱਪਕ ਤੜਾਕ॥ ਉੱਠਤ ਕੜਾਕ॥੩੦॥**

***ਭਾਵਾਰਥ:*–** (ਝੜੰਗ) ਸਿਰਲੱਥ ਯੋਧੇ ਉੱਠ ਕੇ ਨਿਸੰਗ (ਸ਼ਸਤਰ) ਚਲਾਉਂਦੇ, (ਤੁੱਪਕ) ਬੰਦੂਕਾਂ ਅਥਵਾ ਤੋਪਾਂ ਦੇ ਕੜਾਕੇ ਉੱਠਦੇ ਸਨ॥੩੦॥

**ਬਬਕੰਤ ਮਾਇ॥ ਭਭਕੰਤ ਘਾਇ॥**
**ਜੁੱਝੇ ਜੁਆਣ॥ ਨੱਚੇ ਕਿਕਾਣ॥੩੧॥**

***ਭਾਵਾਰਥ:*–** ਮਾਤਾ ਦੁਰਗਾ ਗੱਜਦੀ, ਜ਼ਖ਼ਮ (ਭਭਕੰਤ) ਭਕ ਭਕ ਕਰਦੇ, ਯੋਧੇ ਲੜਦੇ, (ਕਿਕਾਣ) ਘੋੜੇ ਨੱਚਦੇ ਹਨ॥੩੧॥

**ਰੂਆਮਲ ਛੰਦ॥**
**ਧਾਇਯੋ ਅਸੁਰੇਂਦ੍ਰ ਤਹ ਨਿਜ ਕੋਪ ਓਪ ਬਢਾਇ॥**
**ਸੰਗ ਲੈ ਚਤੁਰੰਗ ਸੈਨਾ ਸੁੱਧ ਸਸਤ੍ਰ ਨਚਾਇ॥**
**ਦੇਬਿ ਸਸਤ੍ਰ ਲਗੈ ਗਿਰੇ ਰਣ ਰੁੱਝਿ ਜੁੱਝਿ ਜੁਆਣ॥**
**ਪੀਲਰਾਜ ਫਿਰੇ ਕਹੂੰ ਰਣ ਸੁੱਛ ਛੁੱਛ ਕਿਕਾਣ॥੩੨॥**

***ਭਾਵਾਰਥ:*–** ਉੱਥੇ (ਅਸੁਰੇਂਦ੍ਰ) ਮਹਿਖਾਸੁਰ ਆਪਣੇ ਗੁੱਸੇ ਦੀ ਸ਼ੋਭਾ ਵਧਾ ਕੇ ਜੰਗ ਨੂੰ ਚੜ੍ਹਿਆ। ਚਾਰ ਅੰਗਾਂ ਵਾਲੀ ਫ਼ੌਜ ਨਾਲ ਲੈ ਕੇ ਅਤੇ (ਸੁੱਧ) ਨਿਰੋਲ ਸ਼ਸਤਰ (ਨਚਾਇ) ਲਹਿਰਾ ਕੇ। ਜੰਗ ਵਿੱਚ ਫਸੇ ਹੋਏ ਜੁਆਨ ਯੋਧੇ (ਜੁੱਝਿ) ਲੜ ਕੇ ਦੇਵੀ ਦੇ ਸ਼ਸਤਰ ਲੱਗਣ ਤੋਂ ਡਿੱਗ ਪਏ। ਕਿਤੇ

(ਪੀਲਰਾਜ) ਵੱਡੇ ਹਾਥੀ, ਕਿਤੇ (ਸੁੱਛ) ਉੱਤਮ (ਕਿਕਾਣ) ਘੋੜੇ ਜੰਗ ਵਿੱਚ (ਛੁੱਛ) ਖਾਲੀ ਫਿਰਦੇ ਹਨ॥੩੨॥

**ਚੀਰ ਚਾਮਰ ਪੁੰਜ ਕੁੰਜਰ ਬਾਜਿਰਾਜ ਅਨੇਕ॥**
**ਸਸਤ੍ਰ ਅਸਤ੍ਰ ਸੁਭੇ ਕਹੂੰ ਸਰਦਾਰ ਸੁਆਰ ਅਰੇਕ॥**
**ਤੇਗ ਤੀਰ ਤੁਫੰਗ ਤਬਰ ਕੁਹੁਕ ਬਾਣ ਅਨੰਤ॥**
**ਬੇਧਿ ਬੇਧਿ ਗਿਰੇ ਬਰੱਛਨਿ ਸੂਰ ਸੋਭਾਵੰਤ॥੩੩॥**

***ਭਾਵਾਰਥ:-*** ਕੱਪੜੇ, (ਚਾਮਰ) ਚੌਰ, (ਪੁੰਜ) ਬਹੁਤ (ਕੁੰਜਰ) ਹਾਥੀ ਅਤੇ ਅਨੇਕ ਹੀ (ਬਾਜਿਰਾਜ) ਵੱਡੇ ਘੋੜੇ। ਕਿਤੇ ਸ਼ਸਤਰ, ਅਸਤਰ ਅਤੇ ਵੈਰੀਆਂ ਦੇ ਸ਼੍ਰੇਸ਼ਟ ਸਵਾਰ ਸੋਭਦੇ ਹਨ। ਤਲਵਾਰਾਂ, ਤੀਰ, ਬੰਦੂਕਾਂ, (ਤਬਰ) ਕੁਹਾੜੇ ਅਤੇ (ਅਨੰਤ) ਬੇਅੰਤ ਹੀ (ਕੁਹੁਕ ਬਾਣ) ਸ਼ੂਕ ਪਾਉਣ ਵਾਲੇ ਤੀਰ ਭਾਵ ਬਾਰੂਦ ਨਾਲ ਚੱਲਣ ਵਾਲੇ ਤੀਰਾਂ ਨਾਲ ਅਤੇ ਬਰਛੀਆਂ ਨਾਲ ਵਿੰਨ੍ਹ-ਵਿੰਨ੍ਹ ਕੇ ਡਿੱਗੇ ਹੋਏ ਸਨ, ਉਹੋ ਯੋਧੇ ਚੰਗੇ ਲੱਗਦੇ ਸਨ॥੩੩॥

**ਗ੍ਰਿੱਧ ਬ੍ਰਿੱਧ ਉਡੇ ਤਹਾਂ ਫਿਕਰੰਤ ਸੁਆਨ ਸ੍ਰਿਗਾਲ॥**
**ਮਤ ਦੰਤਿ ਸਪੱਛ ਪੱਬੈ ਕੰਕ ਬੰਕ ਰਸਾਲ॥**
**ਛੁੱਦ੍ਰ ਮੀਨ ਛੁਰੁਧ੍ਰਕਾ ਅਰੁ ਚਰਮ ਕਛਪ ਅਨੰਤ॥**
**ਨਕ੍ਰ ਬਕ੍ਰ ਸੁ ਬਰਮ ਸੋਭਿਤ ਸ੍ਰੋਣ ਨੀਰ ਦੁਰੰਤ॥੩੪॥**

***ਭਾਵਾਰਥ:-*** ਓਥੇ (ਬ੍ਰਿਧ) ਵੱਡੀਆਂ ਗਿਰਝਾਂ ਉਡਦੀਆਂ, ਕੁੱਤੇ ਅਤੇ (ਸ੍ਰਿਗਾਲ) ਗਿੱਦੜ (ਫਿਕਰੰਤ) ਬੋਲਦੇ ਸਨ। (ਸਾਗਰ ਦਾ ਰੂਪਕ ਦੱਸਦੇ ਨੇ ਕਿ) ਮਸਤ ਹਾਥੀਆਂ ਰੂਪ (ਸਪੱਛ ਪੱਬੰ) ਖੰਭਾ ਵਾਲਾ ਪਹਾੜ (ਮੈਨਾਕ) ਹੈ, (ਕੰਕ) ਚਿੱਟੀਆਂ ਇੱਲ੍ਹਾਂ ਦੇ (ਰਸਾਲ) ਸੋਹਣੇ (ਬੰਕ) ਵਿੰਗ (ਚਕ੍ਰਮ ਭੌਰੀਆਂ) ਹਨ, (ਛੁਰੁਧ੍ਰਕਾ[1]) ਛੁਰੀਆਂ ਰੂਪ (ਛੁਦ੍ਰ) ਛੋਟੀਆਂ ਮੱਛੀਆਂ ਨੇ ਅਤੇ ਬੇਅੰਤ (ਚਰਮ) ਢਾਲਾਂ ਰੂਪ ਕੱਛੂ ਹਨ। (ਬੱਕ੍ਰ) ਟੇਢੇ (ਨਕ੍ਰ) ਮਗਰਮੱਛਾਂ ਰੂਪ ਉੱਤਮ (ਬਰਮ) ਸੰਜੋਆਂ ਸ਼ੋਭਦੀਆਂ ਹਨ, ਬੇਅੰਤ ਲਹੂ ਰੂਪ ਪਾਣੀ ਹੈ॥੩੪॥

**ਨਵ ਸੂਰ ਨਵਕਾ ਸੇ ਰਥੀ ਅਤਿ ਰਥੀ ਜਾਨ ਜਹਾਜ॥**
**ਲਾਦਿ ਲਾਦਿ ਮਨੋ ਚਲੇ ਧਨ ਧੀਰ ਬੀਰ ਸਲਾਜ॥**
**ਮੋਲੁ ਬੀਚ ਫਿਰੈ ਚੁਕਾਤ ਦਲਾਲ ਖੇਤ ਖਤੰਗ॥**
**ਗਾਹਿ ਗਾਹਿ ਫਿਰੇ ਫਵੱਜਨਿ ਝਾਰਿ ਦੂਬਜ ਨਿਖੰਗ॥੩੫॥**

***ਭਾਵਾਰਥ:-*** ਨਵੇਂ ਰਥੀ ਯੋਧੇ (ਨਵਕਾ) ਬੇੜੀਆਂ ਵਰਗੇ, ਅਤਿ ਰਥੀ (ਜਾਨ) ਮਾਨੋ ਜਹਾਜ ਹਨ। ਮਾਨੋ ਕਿ (ਸਲੱਜ) ਲੱਜਿਆਵਾਨ ਯੋਧੇ (ਧਰਿ) ਠਰੰਮੇ ਰੂਪ ਧਨ ਲੱਦ-ਲੱਦ ਕੇ ਤੁਰੇ ਹਨ। ਮੈਦਾਨ (ਜੰਗ) ਵਿੱਚ (ਖਤੰਗ) ਤੀਰਾਂ ਰੂਪ ਦਲਾਲ ਵਿਚਕਾਹੇ ਮੁੱਲ ਚੁਕਾਉਂਦੇ ਫਿਰਦੇ ਹਨ। ਫ਼ੌਜਾਂ ਨੂੰ ਗਾਹ

---

[1] ਸੰਪ੍ਰਦਾਇਕ ਗਿਆਨੀ 'ਛੁਛਧ੍ਰਕਾ' ਦਾ ਅਰਥ 'ਉਂਗਲਾਂ' ਵੀ ਕਰਦੇ ਹਨ।

ਗਾਹ ਕੇ (ਨਿਖੰਗ) ਭੱਥਿਆਂ ਰੂਪ (ਵਾਂਸਲੀਆਂ ਦਾ) ਧਨ (ਝਾਰਿ) ਖਾਲੀ ਕਰ ਕੇ ਮੁੜ ਆਏ ਹਨ॥੩੫॥

**ਅੰਗ ਭੰਗ ਗਿਰੇ ਕਹੂੰ ਬਹੁ ਰੰਗ ਰੰਗਿਤ ਬਸਤ੍ਰ॥**
**ਚਰਮ ਬਰਮ ਸੁਭੇ ਕਹੂੰ ਰਣ ਭੂਮਿ ਸਸਤ੍ਰ ਰੁ ਅਸਤ੍ਰ॥**
**ਮੁੰਡ ਤੁੰਡ ਧੁਜਾ ਪਤਾਕਾ ਟੂਕ ਟਾਕ ਅਰੇਕ॥**
**ਜੂਝ ਜੂਝ ਪਰੇ ਸਬੈ ਅਰਿ ਬਾਚਯੋ ਨਹਿ ਏਕ॥੩੬॥**

***ਭਾਵਾਰਥ:–*** ਬਹੁਤਿਆਂ ਰੰਗਾਂ ਨਾਲ ਰੰਗੇ ਹੋਏ ਬਸਤਰਾਂ ਵਾਲੇ ਯੋਧੇ ਕਿਤੇ ਤਾਂ (ਅੰਗ ਭੰਗ) ਕੱਟੇ ਵੱਢੇ ਹੋਏ ਡਿੱਗੇ ਪਏ ਹਨ। ਮੈਦਾਨੇ ਜੰਗ ਵਿੱਚ ਕਿਤੇ ਢਾਲਾਂ, (ਬਰਮ) ਸੰਜੋਆਂ, ਸ਼ਸਤਰ ਅਤੇ ਅਸਤਰ ਸੋਭਦੇ ਹਨ। ਸਿਰ, (ਤੁੰਡ) ਮੂੰਹ, ਧ੍ਵਜਾ (ਗੱਡੀ ਹੋਈ) (ਪਤਾਕਾ) ਲੈ ਕੇ ਤੁਰਨ ਵਾਲੇ ਝੰਡੇ (ਅਰੇਕ) ਵੈਰੀ ਦੇ ਟੁੱਕੜੇ ਹੋਏ। ਸਾਰੇ ਵੈਰੀ (ਜੂਝ ਜੂਝ) ਲੜ ਮਰ ਕੇ ਪੈ ਗਏ, ਇੱਕ ਵੀ ਨਹੀਂ ਬਚਿਆ॥੩੬॥

**ਕੋਪ ਕੈ ਮਹਿਖੇਸ ਦਾਨੋ ਧਾਈਯੋ ਤਿਹ ਕਾਲ॥**
**ਅਸਤ੍ਰ ਸਸਤ੍ਰ ਸੰਭਾਰ ਸੂਰੋ ਰੂਪ ਕੈ ਬਿਕਰਾਲ॥**
**ਕਾਲ ਪਾਣ ਕ੍ਰਿਪਾਣ ਲੈ ਤਿਹ ਮਾਰਿਯੋ ਤਤਕਾਲ॥**
**ਜੋਤਿ ਜੋਤਿ ਬਿਖੇ ਰਲੀ ਤਜਿ ਬ੍ਰਹਮਰੰਧ੍ਰਿ ਉਤਾਲ॥੩੭॥**

***ਭਾਵਾਰਥ:–*** ਉਸ ਸਮੇਂ ਮਹਿਖਾਸੁਰ ਦੈਂਤ ਕ੍ਰੋਧ ਕਰ ਕੇ ਦੌੜਿਆ। ਯੋਧਾ (ਮਹਿਖਾਸੁਰ) ਅਸਤਰ ਸ਼ਸਤਰ ਸੰਭਾਲ ਕੇ ਅਤੇ (ਬਿਕਰਾਲ) ਡਰਾਉਣਾ ਰੂਪ ਬਣਾ ਕੇ। ਕਾਲੀ ਨੇ ਹੱਥ ਵਿੱਚ ਤਲਵਾਰ ਲੈ ਕੇ ਉਹਨੂੰ ਤੁਰੰਤ ਮਾਰ ਦਿੱਤਾ। (ਉਤਾਲ) ਛੇਤੀ ਨਾਲ ਹੀ (ਬ੍ਰਹਮਰੰਧ੍ਰਿ) ਦਸਮ ਦ੍ਵਾਰ (ਸਰੀਰ) ਨੂੰ ਛੱਡ ਕੇ (ਜੋਤਿ) ਬ੍ਰਹਮ ਵਿੱਚ (ਜੋਤਿ) ਚੇਤਨਤਾ ਰਲ ਗਈ॥੩੭॥

**ਦੋਹਰਾ॥**
**ਮਹਿਖਾਸੁਰ ਕਹ ਮਾਰ ਕਰ ਪ੍ਰਫੁਲਿਤ ਭੀ ਜਗ ਮਾਇ॥**
**ਤਾ ਦਿਨ ਤੇ ਮਹਿਖੇ ਬਲਿਹਿ ਦੇਤ ਜਗਤ ਸੁਖ ਪਾਇ॥੩੮॥**

***ਭਾਵਾਰਥ:–*** ਮਹਿਖਾਸੁਰ ਨੂੰ ਮਾਰ ਕੇ ਜਗਤ ਮਾਤਾ ਜਾਂ ਭਗਵਤੀ (ਪ੍ਰਫੁਲਿਤ) ਖੁਸ਼ ਹੋ ਗਈ। ਉਸੇ ਦਿਨ ਤੋਂ (ਮਹਿਖੇ) ਝੋਟੇ ਦੀ ਬਲੀ[੧] ਨੂੰ ਸੰਸਾਰ (ਸੁਖ ਪਾਇ) ਖੁਸ਼ੀ ਦੇਂਦਾ ਹੈ॥੩੮॥

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਮਹਿਖਾਸੁਰ ਬਧਹਿ ਪ੍ਰਿਥਮ ਧਿਆਇ ਸੰਪੂਰਣ ਮਸਤੁ ਸੁਭ ਮਸਤੁ ॥੧॥ਅਫਜੂ॥**

---

[੧] ਬੰਗਾਲ, ਉੜੀਸਾ, ਮੱਧ ਪ੍ਰਦੇਸ਼ ਅਤੇ ਬਿਹਾਰ ਵਿੱਚ ਝੋਟੇ ਦੀ ਬਲੀ ਦਾ ਰਿਵਾਜ ਹੁਣ ਵੀ ਹੈ।

***ਭਾਵਾਰਥ:–*** ਏਥੇ ਸੁੰਦਰ ਬਚਿਤ੍ਰ ਨਾਟਕ ਗ੍ਰੰਥ ਦੇ ਚੰਡੀ ਚਰਿਤ੍ਰ ਦਾ ਮਹਿਖਾਸੁਰ ਦੇ ਮਾਰਨ ਵਾਲਾ ਪਹਿਲਾ ਅਧਿਆਇ ਪੂਰਾ ਹੋਇਆ ਹੈ, ਸ਼ੁਭ ਹੈ॥੧॥ ਹੋਰ...॥

**ਅਥ ਧੂਮ੍ਰ ਨੈਨ ਜੁੱਧ ਕਥਨੰ ॥**

***ਭਾਵਾਰਥ:–*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਮੈਂ) ਹੁਣ ਧੂਮ੍ਰਲੋਚਨ ਨਾਮੇ ਦੈਂਤ ਦਾ ਜੰਗ ਕਹਿੰਦਾ ਹਾਂ।

**ਕੁਲਕ ਛੰਦ॥**

**ਦੇਵਿਸ ਗਾਜਿਯ॥ ਅਨਹਦ ਬਾਜਿਯ॥**
**ਭਈ ਬਧਾਈ॥ ਸਭ ਸੁਖਦਾਈ॥੧॥੩੯॥**

***ਭਾਵਾਰਥ:–*** (ਦੇਵਿਸ) ਇੰਦਰ ਗੱਜਿਆ। ਬੇਹੱਦ ਵਾਜੇ ਵੱਜੇ। ਵਧਾਈ ਹੋਈ, ਜੋ ਸਾਰਿਆਂ ਸੁੱਖਾਂ ਨੂੰ ਦੇਣ ਵਾਲੀ ਹੈ॥੧॥੩੯॥

**ਦੁੰਦਭਿ ਬਾਜੇ॥ ਸਭ ਸੁਰ ਗਾਜੇ॥**
**ਕਰਤ ਬਡਾਈ॥ ਸੁਮਨ ਬ੍ਰਖਾਈ॥੨॥੪੦॥**

***ਭਾਵਾਰਥ:–*** ਨਗਾਰੇ ਵੱਜੇ, ਸਾਰੇ ਦੇਵਤੇ ਗੱਜੇ, ਵਡਿਆਈ ਜਾਂ ਉਪਮਾ ਕਰਦੇ ਅਤੇ (ਸੁਮਨ) ਫੁੱਲ ਵਰਸਾਉਂਦੇ ਸਨ॥੨॥੪੦॥

**ਕੀਨੀ ਬਹੁ ਅਰਚਾ॥ ਜਸ ਧੁਨਿ ਚਰਚਾ॥**
**ਪਾਇਨ ਲਾਗੇ॥ ਸਭ ਦੁਖ ਭਾਗੇ॥੩॥੪੧॥**

***ਭਾਵਾਰਥ:–*** (ਅਰਚਾ) ਪੂਜਾ ਕੀਤੀ, ਯਸ਼ ਦੀ ਧ੍ਵਨੀ ਵਾਲੀ (ਚਰਚਾ) ਬੋਲਚਾਲ ਕੀਤੀ। ਪੈਰੀਂ ਲੱਗੇ ਜਾਂ ਨਮਸਕਾਰ ਕਰਨ ਨਾਲ ਸਾਰੇ ਦੁੱਖ ਦੂਰ ਹੋ ਗਏ॥੩॥੪੧॥

**ਗਾਏ ਜੈ ਕਰਖਾ॥ ਪੁਹਪਨਿ ਬਰਖਾ॥**
**ਸੀਸ ਨਿਵਾਏ॥ ਸਭ ਸੁਖ ਪਾਏ॥੪॥੪੨॥**

***ਭਾਵਾਰਥ:–*** ਜਿੱਤ ਦੇ (ਕਰਖਾ) ਛੰਦ ਗਾਏ, (ਪੁਹਪਨਿ) ਫੁੱਲਾਂ ਨੂੰ ਵਰਸਾ ਕੇ, ਦੇਵੀ ਨੂੰ ਸੀਸ ਨਿਵਾ ਕੇ ਨਮਸਕਾਰਾਂ ਕੀਤੀਆਂ, ਸਾਰੇ ਸੁਖ ਮਿਲ ਗਏ॥੪॥੪੨॥

**ਦੋਹਰਾ॥**

**ਲੋਪ ਚੰਡਿਕਾ ਜੁ ਭਏ ਦੈ ਦੇਵਨ ਕੋ ਰਾਜ॥**
**ਬਹੁਰ ਸੁੰਭ ਨੈਸੁੰਭ ਦ੍ਵੈ ਦੈਤਜ ਬਢੇ ਸਿਰਤਾਜ॥੫॥੪੩॥**

***ਭਾਵਾਰਥ:–*** ਦੇਵਤਿਆਂ ਨੂੰ ਰਾਜ ਦੇ ਕੇ ਚੰਡਿਕਾ (ਲੋਪ ਭਏ) ਛਿਪ ਗਈ, (ਸਮਾਂ ਪਾ ਕੇ) ਫੇਰ ਸੁੰਭ ਅਤੇ ਨਿਸੁੰਭ ਦੋਵੇਂ ਦੈਂਤਾਂ ਦੇ (ਸਿਰਤਾਜ) ਸ਼੍ਰੋਮਣੀ, (ਬਢੇ) ਵਧ ਆਏ (ਪ੍ਰਤਾਪੀ ਹੋ ਪਏ)॥੫॥੪੩॥

**ਚੌਪਈ॥**

**ਸੁੰਭ ਨਿਸੁੰਭ ਚੜੇ ਲੈ ਕੈ ਦਲ॥ ਅਰਿ ਅਨੇਕ ਜੀਤੇ ਜਿਨਿ ਜਲ ਥਲ॥**

**ਦੇਵ ਰਾਜ ਕੋ ਰਾਜ ਛਿਨਾਵਾ॥ ਸੇਸ ਮੁਕਟ ਮਨਿ ਭੇਟ ਪਠਾਵਾ॥੬॥੪੪॥**

***ਭਾਵਾਰਥ:–*** ਜਦੋਂ ਸੁੰਭ ਅਤੇ ਨਿਸੁੰਭ ਫ਼ੌਜ ਲੈ ਕੇ ਚੜ੍ਹੇ ਤਾਂ ਉਨ੍ਹਾਂ ਅਨੇਕਾਂ ਵੈਰੀ (ਜਲ ਥਲ) ਸਭ ਥਾਂਵਾਂ ’ਤੇ ਜਿੱਤੇ। (ਦੇਵ ਰਾਜ) ਇੰਦਰ ਦਾ ਰਾਜ (ਛਿਨਾਵਾ) ਖੋਹ ਲਿਆ। ਸ਼ੇਸ਼ਨਾਗ ਨੇ ਵੀ ਮਣੀਆਂ ਦਾ ਮੁਕਤ ਭੇਟਾ ਭੇਜਿਆ॥੬॥੪੪॥

**ਛੀਨਿ ਲਯੋ ਅਲਕੇਸ ਭੰਡਾਰਾ॥ ਦੇਸ ਦੇਸ ਕੇ ਜੀਤਿ ਨ੍ਰਿਪਾਰਾ॥**

**ਜਹਾਂ ਤਹਾਂ ਕਹ ਦੈਤਜ ਪਠਾਏ॥ ਦੇਸ ਬਿਦੇਸ ਜੀਤਿ ਫਿਰਿ ਆਏ॥੭॥੪੫॥**

***ਭਾਵਾਰਥ:–*** (ਅਲਕੇਸ) ਅਲਕਾਪੁਰੀ ਦੇ ਰਾਜੇ ਕੁਬੇਰ ਤੋਂ (ਭੰਡਾਰਾ) ਖ਼ਜ਼ਾਨਾ ਖੋਹ ਲਿਆ। ਦੇਸ਼ਾਂ ਵਿਦੇਸ਼ਾਂ ਦੇ (ਨ੍ਰਿਪਾਰਾ) ਰਾਜੇ ਵੀ ਜਿੱਤ ਲਏ। (ਜਹਾਂ ਤਹਾਂ) ਸਭ ਥਾਂਵਾਂ (ਕਹ) ਨੂੰ ਦੈਂਤ ਭੇਜੇ ਜੋ ਦੇਸ਼ਾਂ ਅਤੇ (ਬਿਦੇਸ) ਪ੍ਰਦੇਸਾਂ ਨੂੰ ਜਿੱਤ ਕੇ ਵਾਪਸ ਆ ਗਏ॥੭॥੪੫॥

**ਦੋਹਰਾ॥**

**ਦੇਵ ਸਬੈ ਤ੍ਰਾਸਿਤ ਭਏ ਮਨ ਮੋ ਕਿਯੋ ਬਿਚਾਰ॥**

**ਸਰਨਿ ਭਵਾਨੀ ਕੀ ਸਬੈ ਭਾਜਿ ਪਰੇ ਨਿਰਧਾਰ॥੮॥੪੬॥**

***ਭਾਵਾਰਥ:–*** ਸਾਰੇ ਦੇਵਤੇ ਡਰ ਗਏ, ਮਨ ਵਿੱਚ ਵਿਚਾਰ ਕੀਤੀ, (ਨਿਰਧਾਰ) ਨਿਆਸਰੇ ਹੋ ਕੇ ਸਾਰੇ ਹੀ (ਭਵਾਨੀ) ਪੈਦਾ ਕਰਨ ਵਾਲੀ ਜਾਂ ਮਾਰਨ ਵਾਲੀ ਦੁਰਗਾ ਦੀ ਸ਼ਰਨ ਵਿੱਚ ਨੂੰ ਭੱਜ ਕੇ ਪਏ॥੮॥੪੬॥

**ਨਰਾਜ ਛੰਦ॥**

**ਸ ਤ੍ਰਾਸ ਦੇਵ ਭਾਜਿਯੰ॥ ਬਿਸੇਖ ਲਾਜ ਲਾਜਿਯੰ॥**

**ਬਿਸਿਖ ਕਾਰਮੰਕਸੇ॥ ਸੁ ਦੇਵ ਲੋਕ ਮੋ ਬਸੇਂ॥੯॥੪੭॥**

***ਭਾਵਾਰਥ:–*** ਦੇਵਤੇ ਡਰ ਨਾਲ ਭੱਜਦੇ ਗਏ। ਬਹੁਤ ਹੀ ਸ਼ਰਮ ਨਾਲ ਸ਼ਰਮਸਾਰ ਹੋਏ ਹੋਏ। (ਸੁ) ਉਹ (ਦੈਂਤ) (ਬਿਸੇਖ) ਤੀਰ (ਕਾਰਮੰਕ, ਕਾਰਮੁਕਾਂ) ਕਮਾਨਾਂ ਵਿੱਚ ਕੱਸ ਕੇ, (ਦੇਵ ਲੋਕ) ਸਵਰਗ ਵਿੱਚ ਜਾ ਵੱਸੇ॥੯॥੪੭॥

**ਤਬੈ ਪ੍ਰਕੋਪ ਦੇਬਿ ਹ੍ਵੈ॥ ਚਲੀ ਸੁ ਸਸਤ੍ਰ ਅਸਤ੍ਰ ਲੈ॥**

**ਸੁ ਮੁੱਦ ਪਾਨ ਪਾਨ ਕੈ॥ ਗਜੀ ਕ੍ਰਿਪਾਨ ਪਾਨ ਲੈ॥੧੦॥੪੮॥**

***ਭਾਵਾਰਥ:–*** ਉਦੋਂ ਹੀ ਦੇਵੀ ਕ੍ਰੋਧਵਾਨ ਹੋ ਕੇ, ਸ਼ਸਤਰ ਅਸਤਰ ਲੈ ਕੇ ਤੁਰ ਪਈ। (ਸੁ) ਉੱਤਮ (ਮੁੱਦ ਪਾਨਿ) ਖੁਸ਼ੀ ਦਾ ਪੇਯ ਜਾਂ ਅੰਮ੍ਰਿਤ ਪੀ ਕੇ, ਹੱਥ ਵਿੱਚ ਤਲਵਾਰ ਲੈ ਕੇ ਗੱਜੀ॥੧੦॥੪੮॥

**ਰਸਾਵਲ ਛੰਦ॥**

**ਸੁਨੀ ਦੇਵ ਬਾਨੀ॥ ਚੜ੍ਹੀ ਸਿੰਘ ਰਾਨੀ॥**
**ਸੁਭੰ ਸਸਤ੍ਰ ਧਾਰੇ॥ ਸਭੈ ਪਾਪ ਟਾਰੇ॥੧੧॥੪੯॥**

***ਭਾਵਾਰਥ:–*** ਦੇਵਤਿਆਂ ਨੇ ਇਹ (ਦੇਵ ਬਾਨੀ) ਆਕਾਸ਼ ਬਾਣੀ ਸੁਣੀ ਕਿ ਸ਼ੇਰ ਦੀ (ਰਾਨੀ) ਮਾਲਕਨ ਭਾਵ ਦੁਰਗਾ ਜੰਗ ਨੂੰ ਚੜ੍ਹ ਪਈ ਹੈ। ਸੋਹਣੇ ਸ਼ਸਤਰ ਧਾਰ ਕੇ ਸਾਰੇ ਪਾਪ ਟਾਲਣ ਵਾਸਤੇ॥੧੧॥੪੯॥

**ਕਰੇ ਨੱਦ ਨਾਦੰ॥ ਮਹਾ ਮੱਦ ਮਾਦੰ॥**
**ਭਯੋ ਸੰਖ ਸੋਰੰ॥ ਸੁਣ੍ਯੋ ਚਾਰ ਓਰੰ॥੧੨॥੫੦॥**

***ਭਾਵਾਰਥ:–*** ਮਹਾਂ (ਮੱਦ) ਅਹੰਕਾਰ ਵਿੱਚ ਮਸਤ ਨੇ (ਨੱਦ) ਉੱਚੀ ਆਵਾਜ਼ ਕੀਤੀ। ਸੰਖ ਦਾ ਰੌਲਾ ਪਿਆ, ਚਹੁੰ ਪਾਸੀਂ ਸੁਣਿਆ ਗਿਆ॥੧੨॥੫੦॥

**ਉਤੇ ਦੈਤਜ ਧਾਏ॥ ਬਡੀ ਸੈਨ ਲਯਾਏ॥**
**ਮੁਖੰ ਰਕਤ ਨੈਣੰ॥ ਬਕੇ ਬੰਕ ਬੈਣੰ॥੧੩॥੫੧॥**

***ਭਾਵਾਰਥ:–*** ਓਧਰੋਂ ਦੈਂਤ ਚੜ੍ਹ ਪਏ, ਬਹੁਤੀ ਫ਼ੌਜ ਨਾਲ ਲਿਆ ਕੇ। ਮੂੰਹ ਤੇ ਨੇਤਰ (ਰਕਤ) ਲਾਲ ਕਰ ਕੇ (ਬੰਕ) ਟੇਢੇ ਵਾਕ ਬੋਲਦੇ ਹੋਏ॥੧੩॥੫੧॥

**ਚਵੰ ਚਾਰ ਢੂਕੇ॥ ਮੁਖੰ ਮਾਰ ਕੂਕੇ॥**
**ਲਏ ਬਾਣ ਪਾਣੰ॥ ਸੁ ਕਾਤੀ ਕ੍ਰਿਪਾਣੰ॥੧੪॥੫੨॥**

***ਭਾਵਾਰਥ:–*** (ਚਵੰ ਚਾਰ) ਬੋਲਣ ਦੀ ਚਾਲ ਭਾਵ ਵਾਕ ਵਾਂਗ ਤੇਜ਼ ਚਾਲ ਨਾਲ ਬਹੁਤ ਛੇਤੀ) ਢੁਕ ਪਏ, ਮੂੰਹੋਂ ਮਾਰੋ ਮਾਰ ਬੋਲਦੇ ਹੋਏ। ਕਾਤੀ ਅਤੇ ਕ੍ਰਿਪਾਣ (ਜਾਤਿ ਦੀਆਂ ਤਲਵਾਰਾਂ) ਅਤੇ ਤੀਰ ਹੱਥਾਂ ਵਿੱਚ ਲਏ ਹੋਏ ਸਨ॥੧੪॥੫੨॥

**ਮੰਡੇ ਮਧਜ ਜੰਗੰ॥ ਪ੍ਰਹਾਰੰ ਖਤੰਗੰ॥**
**ਕਰੌਤੀ ਕਟਾਰੰ॥ ਉਠੀ ਸਸਤ੍ਰ ਝਾਰੰ॥੧੫॥੫੩॥**

***ਭਾਵਾਰਥ:–*** (ਖਤੰਗੰ) ਤੀਰਾਂ ਦੇ (ਪ੍ਰਹਾਰੰ) ਵਾਰ ਜੰਗ ਵਿੱਚ (ਮੰਡੇ) ਕਰਦੇ ਸਨ। (ਕਰਉਤੀ) ਤਲਵਾਰਾਂ ਅਤੇ ਕਟਾਰਾਂ ਆਦਿਕ ਸ਼ਸਤਰਾਂ ਦੀ (ਝਾਰੰ) ਚਮਕ ਉੱਠ ਰਹੀ ਸੀ॥੧੫॥੫੩॥

**ਮਹਾ ਬੀਰ ਧਾਏ॥ ਸਰੋਘੰ ਚਲਾਏ॥**
**ਕਰੈਂ ਬਾਰ ਬੈਰੀ॥ ਫਿਰੇਂ ਜਯੋਂ ਗੰਗੈਰੀ॥੧੬॥੫੪॥**

***ਭਾਵਾਰਥ:–*** ਮਹਾਨ ਯੋਧੇ ਚੜ੍ਹੇ ਆਏ, (ਸਰੋਘੰ) ਬਹੁਤ ਤੀਰ ਚਲਾਏ। ਵੈਰੀਆਂ 'ਤੇ ਵਾਰ ਕਰਦੇ ਹੋਏ (ਗੰਗੈਰੀ) ਜਲ-ਜੀਵ ਵਾਂਗ ਫਿਰਦੇ ਹਨ॥੧੭॥੫੪॥

**ਭੁਜੰਗ ਪ੍ਰਯਾਤ ਛੰਦ॥**

**ਕ੍ਰੋ ਉੱਧਿਤ[1] ਸਟਾਯੰ ਉਤੇ ਸਿੰਘ ਧਾਯੋ॥ ਇਤੈ ਸੰਖ ਲੈ ਹਾਥ ਦੇਵੀ ਬਜਾਯੋ॥**
**ਪੁਰੀ ਚੌਦਹੂੰਯੰ ਰਹਯੋ ਨਾਦ ਪੂਰੰ॥ ਚਮੱਕਯੋ ਮੁਖੰ ਜੁੱਧ ਕੇ ਮਧਯ ਨੂਰੰ॥੧੭॥੫੫॥**

***ਭਾਵਾਰਥ:–*** (ਸਟਾਯੰ) ਪੂਛ ਦੇ ਵਾਲ ਉੱਚੇ ਕਰਕੇ ਭਾਵ ਗੁੱਸੇ ਨਾਲ ਭਰ ਕੇ ਓਧਰੋਂ ਸ਼ੇਰ ਦੌੜਿਆ। ਏਧਰੋਂ ਦੇਵੀ ਨੇ ਹੱਥ ਵਿੱਚ ਸੰਖ ਫੜ੍ਹ ਕੇ ਵਜਾਇਆ। (ਯੰ) ਇਓਂ, ਜੋ (ਨਾਦ) ਸ਼ਬਦ ਸੀ, ਉਹ ਚੌਦਾਂ ਪੁਰੀਆਂ ਭਾਵ ਸਾਰੇ ਜਗਤ ਵਿੱਚ (ਪੂਰੰ) ਫੈਲ ਗਿਆ। ਦੇਵੀ ਦੇ ਮੂੰਹ ਤੇ ਜੰਗ ਵਿੱਚ (ਨੂਰ) ਲਾਲੀ ਚਮਕੀ॥੧੭॥੫੫॥

**ਤਬੈ ਧੂਮ੍ਰ ਨੈਣੰ ਮਚਿਓ ਸਸਤ੍ਰ ਧਾਰੀ॥ ਲਏ ਸੰਗ ਜੋਧਾ ਬਡੇ ਬੀਰ ਭਾਰੀ॥**
**ਲਯੋ ਬੇੜ੍ਹਿ ਪੱਬੰ ਕਿਯੋ ਨਾਦ ਉੱਚੰ॥ ਸੁਨੇ ਗਰਭਣੀਆਨ ਕੇ ਗਰਭ ਮੁੱਚੰ॥੧੮॥੫੬॥**

***ਭਾਵਾਰਥ:–*** ਉਦੋਂ (ਸਸਤ੍ਰ ਧਾਰੀ) ਯੋਧਾ ਧੂਮ੍ਰਨੈਣ (ਮਚਿਓ) ਖਿੱਝ ਪਿਆ। ਵੱਡੇ ਭਾਰੀ ਸੂਰਵੀਰ ਜੋਧਾ ਲੜਾਕੇ ਨਾਲ ਲੈ ਲਏ। (ਪੱਬੰ) ਪਹਾੜ ਜਾਂ ਕੈਲਾਸ਼ (ਬੇੜ੍ਹਿ) ਘੇਰ ਲਿਆ ਅਤੇ ਉੱਚੀਆਂ ਆਵਾਜ਼ਾਂ ਕੀਤੀਆਂ। ਜੀਹਨੂੰ ਸੁਣ ਕੇ ਗਰਭਣੀਆਂ ਦੇ ਗਰਭ (ਮੁੱਚੰ) ਡਿੱਗ ਪੈਂਦੇ ਸਨ॥੧੮॥੫੬॥

**ਸੁਣਯੋ ਨਾਦ ਸ੍ਰਵਣੰ ਕਿਯੋ ਦੇਵਿ ਕੋਪੰ॥ ਸਜੇ ਚਰਮ ਬਰਮੰ ਧਰੇ ਸੀਸ ਟੋਪੰ॥**
**ਭਈ ਸਿੰਘ ਸੁਆਰੰ ਕਿਯੋ ਨਾਦ ਉੱਚੰ॥ ਸੁਨੇ ਦੀਹ ਦਾਨ੍ਵਾਨ ਕੇ ਮਾਨ ਮੁੱਚੰ॥੧੯॥੫੭॥**

***ਭਾਵਾਰਥ:–*** ਕੰਨਾਂ ਵਿੱਚ ਆਵਾਜ਼ ਸੁਣ ਕੇ ਦੇਵੀ ਨੇ ਗੁੱਸਾ ਕੀਤਾ। ਢਾਲ, ਸੰਜੋਅ ਸਾਜ ਲਈ ਅਤੇ ਸਿਰ 'ਤੇ ਲੋਹੇ ਦਾ ਟੋਪ (ਸਿਰ ਦੀ ਸੰਜੋਅ) ਧਰ ਲਈ। ਸ਼ੇਰ ਤੇ ਸੁਆਰ ਹੋ ਗਈ ਅਤੇ ਉੱਚੀ ਸ਼ਬਦ ਕੀਤਾ। ਜੀਹਨੂੰ ਸੁਣ ਕੇ ਵੱਡੇ-ਵੱਡੇ (ਦਾਨਵਾਨ) ਦੈਂਤਾਂ ਦੇ ਮਾਣ (ਮੁੱਚੰ) ਖ਼ਤਮ ਹੋ ਜਾਂਦੇ ਸਨ॥੧੯॥੫੭॥

**ਮਹਾ ਕੋਪ ਦੇਵੀ ਧਸੀ ਸੈਨ ਮੱਧੰ॥ ਕਰੇ ਬੀਰ ਬੰਕੇ ਤਹਾਂ ਅੱਧ ਅੱਧੰ॥**
**ਜਿਸੈ ਧਾਇ ਕੈ ਸੂਲ ਸੈਥੀ ਪ੍ਰਹਾਰਯੋ॥ ਤਿਨੇ ਫੇਰਿ ਪਾਣੰ ਨ ਬਾਣੰ ਸੰਭਾਰਯੋ॥੨੦॥੫੮॥**

***ਭਾਵਾਰਥ:–*** ਦੇਵੀ ਦੁਰਗਾ ਅਤਿਅੰਤ ਕ੍ਰੋਧ ਕਰ ਕੇ ਫ਼ੌਜ ਵਿਚ ਧੱਸ ਗਈ। ਓਥੇ ਵੱਡੇ ਯੋਧੇ ਅੱਧੋ ਅੱਧੀ ਕਰ ਸੁੱਟੇ। ਜੀਹਨੂੰ ਵੀ ਦੌੜ ਕੇ (ਸੂਲ) ਤ੍ਰਿਸ਼ੂਲ ਅਤੇ (ਸੈਥੀ) ਬਰਛੀ ਨੂੰ ਮਾਰਿਆ। ਉਸ ਫਿਰ ਨਾ ਪਾਣੀ ਅਤੇ ਨਾ ਹੀ ਤੀਰ ਸੰਭਾਲਿਆ ਭਾਵ ਮਰ ਗਿਆ॥੨੦॥੫੮॥

**ਰਸਾਵਲ ਛੰਦ॥**
**ਜਿਸੈ ਬਾਣ ਮਾਰਯੋ॥ ਤਿਸੈ ਮਾਰ ਡਾਰਯੋ॥**
**ਜਿਤੈ ਸਿੰਘ ਧਾਯੋ॥ ਤਿਤੈ ਸੈਨ ਘਾਯੋ॥੨੧॥੫੯॥**

---

[1] ਮਹਾਨ ਕੋਸ਼ ਵਿੱਚ 'ਉੱਧਿਤ' ਪਾਠ ਹੈ, ਵੇਖੋ ਸਫ਼ਾ ੧੦੯ ਦੂਜੀ ਐਡੀਸ਼ਨ। ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਦੀਆਂ ਸੰਚੀਆਂ ਵਿੱਚ 'ਕਰੋਧਤ ਸਟਾਯੰ' ਪਾਠ ਹੈ ਅਤੇ ਏਸ ਦਾ ਪਦ ਛੇਦ 'ਕਰੋਧ ਤਸਟਾਯੰ' ਛਾਪਿਆ ਹੋਇਆ ਹੈ, ਵੇਖੋ ਸਫ਼ਾ ੧੦੩।

***ਭਾਵਾਰਥ:–*** ਜੀਹਨੂੰ ਵੀ ਤੀਰ ਮਾਰਿਆ, ਉਸਨੂੰ ਮਾਰ ਹੀ ਸੁੱਟਿਆ। ਜਿਧਰ ਨੂੰ ਸ਼ੇਰ ਦੌੜਿਆ, ਓਧਰ ਹੀ ਫ਼ੌਜ ਨੂੰ ਮਾਰ ਦਿੱਤਾ॥੨੧॥੫੯॥

**ਜਿਤੈ ਘਾਇ ਡਾਲੇ॥ ਤਿਤੈ ਘਾਰਿ ਘਾਲੇ॥**
**ਸਮੁਹ ਸਤ੍ਰੁ ਆਯੋ॥ ਸੁ ਜਾਨੇ ਨ ਪਾਯੋ॥੨੨॥੬੦॥**

***ਭਾਵਾਰਥ:–*** ਜਿਤਨੇ (ਘਾਇ) ਵਾਰ (ਡਾਲੇ) ਕੀਤੇ, ਉਸਨੇ ਹੀ (ਘਾਰਿ) ਨਾਸ ਕਰ ਕੇ (ਘਾਲੇ) ਸੁੱਟ ਦਿੱਤੇ। ਜੋ ਵੀ ਵੈਰੀ ਸਾਹਮਣੇ ਆਇਆ, ਉਹ ਜਾਣਾ ਨਹੀਂ ਪਾ ਸਕਿਆ॥੨੨॥੬੦॥

**ਜਿਤੇ ਜੁੱਝ ਰੁੱਝੇ॥ ਤਿਤੇ ਅੰਤ ਜੁੱਝੇ॥**
**ਜਿਨੇ ਸਸਤ੍ਰ ਘਾਲੇ॥ ਤਿਤੇ ਮਾਰ ਡਾਲੇ॥੨੩॥੬੧॥**

***ਭਾਵਾਰਥ:–*** ਜਿੰਨੇ ਵੀ ਜੰਗ ਵਿੱਚ ਰੁੱਝ ਗਏ, ਓਨੇ ਹੀ ਆਖਰ (ਜੁੱਝੇ) ਮਰ ਗਏ। ਜਿੰਨੇ ਸ਼ਸਤਰ (ਘਾਲੇ) ਮਾਰਦੇ ਸਨ ਓਨੇ ਹੀ ਮਾਰ ਸੁੱਟੇ॥੨੩॥੬੧॥

**ਤਬੈ ਮਾਤ ਕਾਲੀ॥ ਤਪੀ ਤੇਜ ਵਾਲੀ॥**
**ਜਿਸੈ ਘਾਵ ਡਾਰਯੋ॥ ਸੁ ਸੁਰਗੰ ਸਿਧਾਰਯੋ॥੨੪॥੬੨॥**

***ਭਾਵਾਰਥ:–*** ਉਦੋਂ (ਕਾਲੀ) ਕਾਲਿਕਾ ਮਾਤਾ ਭਾਵ ਦੁਰਗਾ ਮਾਤਾ (ਤੇਜ) ਪ੍ਰਤਾਪ ਵਾਲੀ (ਤਪੀ) ਕ੍ਰੋਧਵਾਨ ਹੋਈ। ਜੀਹਨੂੰ (ਘਾਵ) ਵਾਰ (ਡਾਰਯੋ) ਕੀਤਾ, ਉਹ ਸਵਰਗ ਨੂੰ ਹੀ ਚਲਿਆ ਭਾਵ ਮਰ ਹੀ ਗਿਆ॥੨੪॥੬੨॥

**ਘਰੀ ਅੱਧ ਮੱਧੰ॥ ਹਨਯੋ ਸੈਨ ਸੁੱਧੰ॥**
**ਹਨਯੋ ਧੂਮ੍ਰ ਨੈਣੰ॥ ਸੁਨਯੋ ਦੇਵ ਗੈਣੰ॥੨੫॥੬੩॥**

***ਭਾਵਾਰਥ:–*** ਅੱਧੀ ਘੜੀ ਵਿੱਚ, (ਸੁੱਧੰ) ਸਾਰੀ ਫ਼ੌਜ ਨੂੰ ਮਾਰ ਦਿੱਤਾ। ਧੂਮ੍ਰਨੈਣ ਮਾਰ ਦਿੱਤਾ, ਦੇਵਤਿਆਂ ਨੇ (ਗੈਣ) ਆਕਾਸ਼ ਵਿੱਚ ਸੁਣ ਲਿਆ॥੨੫॥੬੩॥

**ਦੋਹਰਾ॥**
**ਭਜੀ ਬਿਰੂਥਨਿ ਦਾਨਵੀ ਗਈ ਭੂਪ ਕੇ ਪਾਸ॥**
**ਧੂਮ੍ਰਨੈਣ ਕਾਲੀ ਹਨਯੋ ਭਜਯੋ ਸੈਨ ਨਿਰਾਸ॥੨੬॥੬੪॥**

***ਭਾਵਾਰਥ:–*** ਦੈਂਤਾਂ ਦੀ (ਬਿਰੂਥਨਿ) ਫ਼ੌਜ ਭੱਜ ਕੇ (ਭੂਪ) ਰਾਜੇ ਸੁੰਭ ਦੇ ਪਾਸ ਚਲੀ ਗਈ। (ਕਿਹਾ ਕਿ) ਕਾਲਿਕਾ ਭਾਵ ਦੁਰਗਾ  ਨੇ ਧੂਮ੍ਰਨੈਣ ਨੂੰ ਮਾਰ ਦਿੱਤਾ ਹੈ ਅਤੇ ਫ਼ੌਜ ਨਿਰਾਸ਼ ਹੋ ਕੇ ਭੱਜ ਆਈ ਹੈ॥੨੬॥੬੪॥

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਧੂਮ੍ਰਨੈਣ ਬਧਹ ਦੁਤੀਯਾ ਧਯਾਇ ਸੰਪੂਰਣ ਮਸਤੁ ਸੁਭ ਮਸਤੁ॥੨॥ਅਫਜੂ॥**

***ਭਾਵਾਰਥ:-*** ਏਥੇ ਸੋਹਣੇ ਬਚਿਤ੍ਰ ਨਾਟਕ ਗ੍ਰੰਥ ਦੇ ਚੰਡੀ ਚਰਿਤ੍ਰ ਵਿੱਚੋਂ ਧੂਮ੍ਰਨੈਣ ਦੇ ਮਾਰਨ ਵਾਲਾ ਦੂਜਾ ਅਧਿਆਇ ਪੂਰਾ ਹੋਇਆ ਹੈ, ਸ਼ੁਭ ਹੈ॥੨॥ਹੋਰ...॥

**ਅਥ ਚੰਡ ਮੁੰਡ ਜੁੱਧ ਕਥਨੰ॥**

***ਭਾਵਾਰਥ:-*** ਹੁਣ ਚੰਡ ਅਤੇ ਮੁੰਡ (ਨਾਮੇ ਦੈਂਤਾਂ) ਦਾ ਜੰਗ ਵਰਣਨ ਕਰਦੇ ਹਾਂ।

**ਦੋਹਰਾ॥**

**ਇਹ ਬਿਧਿ ਦੈਤਜ ਸੰਘਾਰ ਕਰਿ ਧਵਲਾ ਚਲੀ ਅਵਾਸ॥**
**ਜੋ ਯਹ ਕਥਾ ਪੜੈ ਸੁਨੈ ਰਿੱਧਿ ਸਿੱਧਿ ਗ੍ਰਿਹ ਤਾਸ[੧]॥੧॥੬੫॥**

***ਭਾਵਾਰਥ:-*** ਏਸ ਤਰ੍ਹਾਂ ਦੈਂਤ (ਧੂਮ੍ਰਨੈਣ) ਨੂੰ ਮਾਰ ਕੇ (ਧਵਲਾ) ਦੁਰਗਾ (ਅਵਾਸ) ਘਰ ਭਾਵ ਕੈਲਾਸ਼ ਪਰਬਤ ਨੂੰ ਚਲੀ ਗਈ। ਜਿਹੜਾ ਇਹ ਕਥਾ ਪੜ੍ਹੇ ਅਥਵਾ ਸੁਣੇਗਾ ਓਸ ਦੇ ਘਰ ਵਿੱਚ (ਰਿਧਿ) ਅੰਨ ਵ੍ਰਿਧੀ ਅਤੇ ਸਿੱਧੀਆਂ ਹੋਣਗੀਆਂ॥੧॥੬੫॥

**ਚਉਪਈ॥**

**ਧੂਮ੍ਰਨੈਣ ਜਬਿ ਸੁਣੇ ਸੰਘਾਰੇ॥ ਚੰਡ ਮੁੰਡ ਤਬ ਭੂਪ ਹਕਾਰੇ॥**
**ਬਹੁ ਬਿਧਿ ਕਰ ਪਠਏ ਸਨੁਮਾਨਾ॥ ਹੈ ਗੈ ਪਤਿ ਦੀਏ ਰਥ ਨਾਨਾ॥੨॥੬੬॥**

***ਭਾਵਾਰਥ:-*** ਜਦੋਂ (ਭੂਪ) ਰਾਜੇ ਸੁੰਭ ਨੇ ਧੂਮ੍ਰਨੈਣ ਨੂੰ ਮਰਿਆ ਸੁਣਿਆ ਤਾਂ (ਚੰਡ ਮੁੰਡ) ਦੋਵੇਂ ਦੈਂਤ ਸੈਨਾਪਤੀ ਬੁਲਾ (ਹੈ) ਘੋੜੇ, (ਗੈ) ਹਾਥੀ, (ਪਤਿ) ਪੈਦਲ ਅਤੇ (ਨਾਨਾ) ਬਹੁਤ ਰਥ ਦੇ ਕੇ ਅਤੇ ਬਹੁਤ ਤਰ੍ਹਾਂ ਦਾ (ਸਨੁਮਾਨਾ) ਆਦਰ ਦੇ ਕੇ (ਜੰਗ ਨੂੰ) ਭੇਜੇ॥੨॥੬੬॥

**ਪ੍ਰਿਥਮ ਨਿਰਖਿ ਦੇਬਜਹਿ ਜੇ ਆਏ॥ ਤੇ ਧਵਲਾ ਗਿਰਿ ਓਰ ਪਠਾਏ॥**
**ਤਿਨ ਕੀ ਤਨਿਕ ਭਨਕ ਸੁਨਿ ਪਾਈ॥ ਨਿਸਿਰੀ ਸਸਤ੍ਰ ਅਸਤ੍ਰ ਲੈ ਮਾਈ॥੩॥੬੭॥**

***ਭਾਵਾਰਥ:-*** ਜਿਹੜੇ ਪਹਿਲੋਂ ਦੇਵੀ ਨੂੰ ਵੇਖ ਆਏ ਹੋਏ ਸਨ। ਉਹ (ਧਵਲਾ ਗਿਰਿ) ਦੁਰਗਾ ਦੇ ਪਹਾੜ ਭਾਵ ਕੈਲਾਸ਼ ਵੱਲ ਭੇਜ ਦਿੱਤੇ। ਉਨ੍ਹਾਂ ਦੀ (ਤਨਕ) ਥੋੜ੍ਹੀ ਜਿਹੀ (ਭਨਕ) ਕਨਸੋਅ ਭਾਵ ਖ਼ਬਰ ਅਜੇ ਸੁਣੀ ਸੀ ਕਿ ਸ਼ਸਤਰ ਅਸਤਰ ਲੈ ਕੇ ਮਾਤਾ ਚੰਡਿਕਾ ਮੈਦਾਨੇ-ਜੰਗ ਨੂੰ ਨਿਕਲ ਪਈ॥੩॥੬੭॥

**ਰੂਆਲ ਛੰਦ॥**

---

੧ ਜਿਹਨਾਂ ਛੰਦਾਂ ਜਾਂ ਵਾਰਤਿਕ ਪਾਠਾਂ ਵਿੱਚ ਅਧਿਆਵਾਂ ਅਥਵਾ ਸਮੁੱਚੇ ਗ੍ਰੰਥਾਂ ਦਾ ਮਹਾਤਮ (ਫਲ) ਵਰਣਨ ਕੀਤਾ ਹੋਇਆ ਹੋਵੇ, ਉਹ ਹਰ ਅਧਿਆਇ ਅਥਵਾ ਗ੍ਰੰਥ ਦੇ ਅੰਤ ਵਿੱਚ ਵਰਣਨ ਕੀਤੇ ਜਾਂਦੇ ਹਨ। ਜੋ ਵੀ ਭਾਸ਼ਾ ਅਥਵਾ ਸੰਸਕ੍ਰਿਤ ਗ੍ਰੰਥ ਹਨ, ਉਨ੍ਹਾਂ ਵਿੱਚ ਏਸ ਤਰ੍ਹਾਂ ਦਾ ਵਰਣਨ ਆਮ ਮਿਲਦਾ ਹੈ। ਏਸੇ ਹੀ ਵਿਚਾਰਧਾਰਾ ਅਨੁਸਾਰ ਏਸ ਦੋਹਰੇ ਵਿੱਚ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਕੇਵਲ ਏਸ ਕਥਾ ਦੇ ਪੜ੍ਹਨ ਸੁਣਨ ਤੋਂ ਹੀ ਵਰਣਨ ਕੀਤੀ ਹੋਈ ਹੈ, ਜਿਸ ਤੋਂ ਮਾਲੂਮ ਪੈਂਦਾ ਹੈ ਕਿ ਇਹ ਦੋਹਰਾ ਦੂਜੇ ਅਧਿਆਇ ਦੇ ਅੰਤ ਦਾ ਹੈ, ਲਿਖਾਰੀ ਦੀ ਭੁੱਲ ਕਾਰਨ ਹੀ ਤੀਜੇ ਅਧਿਆਇ ਦੇ ਆਰੰਭ ਵਿੱਚ ਲਿਖਿਆ ਗਿਆ ਹੈ।

**ਸਾਜਿ ਸਾਜਿ ਚਲੇ ਤਹਾਂ ਰਣ ਰਾਛਸੇਂਦ੍ਰ ਅਨੇਕ॥**
**ਅਰਧ ਮੁੰਡਿਤ ਮੁੰਡਿਤੇਕ ਜਟਾਧਰੇ ਸੁ ਅਰੇਕ॥**
**ਕੋਪਿ ਓਪੰ ਦੈ ਸਬੈ ਕਰ ਸਸਤ੍ਰ ਅਸਤ੍ਰ ਨਚਾਇ॥**
**ਧਾਇ ਧਾਇ ਕਰੈਂ ਪ੍ਰਹਾਰਨ ਤਿੱਛ ਤੇਗ ਕੰਪਾਇ॥੪॥੬੮॥**

***ਭਾਵਾਰਥ:-*** ਓਥੇ ਜੰਗ ਨੂੰ ਅਨੇਕਾਂ (ਰਾਛਸੇਂਦ੍ਰ) ਰਾਖਸ਼ਾਂ ਦੇ ਰਾਜੇ ਜੰਗ ਦਿਆਂ ਸਾਜਾਂ ਨੂੰ ਸਜਾ ਕੇ ਤੁਰ ਪਏ। (ਮੁੰਡਿਤੇਕ) ਕਈ ਮੋਨੇ, ਕਈ ਅੱਧੇ ਸਿਰ ਮੁੰਨੇ ਅਤੇ (ਅਰੇਕ) ਕਈ ਵੈਰੀ ਜਟਾਧਾਰੀ ਸਨ। ਹੱਥਾਂ ਵਿੱਚ ਸ਼ਸਤਰ ਅਸਤਰ ਨਚਾ ਕੇ ਸਾਰੇ ਹੀ ਕ੍ਰੋਧ ਦੀ ਉਪਮਾ ਦੇ ਰਹੇ ਸਨ। ਤਿੱਖੀਆਂ ਤਲਵਾਰਾਂ ਨੂੰ (ਕੰਪਾਇ) ਲਹਿਰਾ ਕੇ ਦੌੜ-ਦੌੜ ਕੇ ਵਾਰ ਕਰਦੇ ਸਨ॥੪॥੬੮॥

**ਸਸਤ੍ਰ ਅਸਤ੍ਰ ਲਗੇ ਜਿਤੇ ਸਬ ਫੂਲ ਮਾਲ ਹ੍ਵੈ ਗਏ॥**
**ਕੋਪ ਓਪ ਬਿਲੋਕਿ ਅਤਭੁਤਿ ਦਾਨਵੰ ਬਿਸਮੈ ਭਏ॥**
**ਦਉਰ ਦਉਰ ਅਨੇਕ ਆਯੁਧ ਫੇਰ ਫੇਰ ਪ੍ਰਹਾਰਹੀਂ॥**
**ਜੂਝ ਜੂਝ ਗਿਰੇ ਅਰੇਕ ਸੁ ਮਾਰ ਮਾਰ ਪੁਕਾਰ ਹੀਂ॥੫॥੬੯॥**

***ਭਾਵਾਰਥ:-*** ਦੇਵੀ ਨੂੰ ਜਿੰਨੇ ਵੀ ਸ਼ਸਤਰ ਅਤੇ ਅਸਤਰ ਵੱਜੇ ਸਨ ਉਹ ਸਾਰੇ ਹੀ ਫੁੱਲਾਂ ਦੀਆਂ ਮਾਲਾ ਬਣ ਗਏ। (ਚੰਡਿਕਾ ਦੇ) ਕ੍ਰੋਧ ਦਾ (ਅਤਭੁਤਿ) ਅਸਚਰਜ਼ (ਓਪ) ਪ੍ਰਭਾਵ ਵੇਖ ਕੇ ਦੈਂਤ (ਬਿਸਮੈ) ਹੈਰਾਨ ਹੋ ਗਏ। ਫਿਰ ਫਿਰ ਕੇ ਅਤੇ ਦੌੜ ਦੌੜ ਕੇ ਅਨੇਕਾਂ (ਆਯੁਧ) ਸ਼ਸਤਰ (ਪ੍ਰਹਾਰ ਹੀਂ) ਮਾਰਦੇ ਹਨ। (ਅਰੇਕ) ਕਈ ਦੁਸ਼ਮਣ ਲੜ ਲੜ ਕੇ ਡਿਗ ਪਏ ਹਨ ਪਰ ਫਿਰ ਵੀ ਮੂੰਹੋਂ ਮਾਰ ਹੀ ਮਾਰ ਬੋਲਦੇ ਹਨ॥੫॥੬੯॥

**ਰੇਲ ਰੇਲ ਚਲੇ ਹਏਂਦ੍ਰਨ ਪੇਲ ਪੇਲ ਗੱਜੇਂਦ੍ਰ॥**
**ਝੇਲ ਝੇਲ ਅਨੰਤ ਆਯੁਧ ਹੇਲ ਹੇਲ ਰਿਪੇਂਦ੍ਰ॥**
**ਗਾਹਿ ਗਾਹਿ ਫਿਰੇ ਫਵੱਜਨ ਬਾਹਿ ਬਾਹਿ ਖਤੰਗ॥**
**ਅੰਗ ਭੰਗ ਗਿਰੇ ਕਹੂੰ ਰਣ ਰੰਗ ਸੂਰ ਉਤੰਗ॥੬॥੭੦॥**

***ਭਾਵਾਰਥ:-*** (ਹਏਂਦ੍ਰਨ) ਉੱਤਮ ਘੋੜਿਆਂ ਨੂੰ (ਰੇਲ ਰੇਲ) ਤੋਰ ਤੋਰ ਕੇ ਅਤੇ (ਗਜੇਂਦ੍ਰ) ਉੱਤਮ ਹਾਥੀਆਂ ਨੂੰ (ਪੇਲ ਪੇਲ) ਭਜਾ ਭਜਾ ਕੇ ਚੱਲ ਪਏ। ਬੇਅੰਤ (ਆਯੁਧ) ਸ਼ਸਤਰ (ਝੇਲ ਝੇਲ) ਸਹਿ ਸਹਿ ਕੇ ਅਤੇ (ਰਿਪੇਂਦ੍ਰ) ਵੱਡਿਆਂ ਦੁਸ਼ਮਣਾਂ ਨੂੰ (ਹੇਲ ਹੇਲ) ਧੱਕ ਧੱਕ ਕੇ ਚਲ ਪਏ। ਫ਼ੌਜਾਂ ਨੂੰ ਗਾਹ ਗਾਹ ਕੇ ਅਤੇ (ਖਤੰਗ) ਤੀਰਾਂ ਨੂੰ ਚਲਾ ਚਲਾ ਕੇ ਫਿਰਦੇ ਹਨ। (ਉਤੰਗ) ਲੰਮੇ ਯੋਧੇ (ਰਣ ਰੰਗ) ਜੰਗ ਦੇ ਆਨੰਦ ਮਗਨ ਹੀ ਅੰਗ ਭੰਗ ਹੋ ਕੇ ਕਿਤੇ ਡਿੱਗੇ ਪਏ ਹਨ॥੬॥੭੦॥

**ਝਾਰ ਝਾਰ ਫਿਰੈ ਸਰੋਤਮ ਡਾਰਿ ਝਾਰਿ ਕ੍ਰਿਪਾਨ॥**

**ਸੈਲ ਸੇ ਰਣ ਪੁੰਜ ਕੁੰਜਰ ਸੂਰ ਸੀਸ ਬਖਾਨ॥**[1]
**ਬਕ੍ਰ ਨਕ੍ਰ ਭੁਜਾ ਸੋਭਿਤ ਚਕ੍ਰ ਸੇ ਰਥ ਚਕ੍ਰ॥**
**ਕੇਸ ਪਾਸ ਸਿਬਾਲ ਸੋਹਤ ਅਸਥ ਚੂਰ ਸਰਕ੍ਰ॥੭॥੭੧॥**

***ਭਾਵਾਰਥ:–*** ਚੰਗਿਆਂ ਤੀਰਾਂ ਨੂੰ ਚਲਾ ਚਲਾ ਅਤੇ ਤਲਵਾਰਾਂ ਨੂੰ (ਡਾਰਿ ਡਾਰਿ) ਮਾਰ ਮਾਰ ਕੇ ਫਿਰਦੇ ਹਨ। ਜੰਗ ਦੇ (ਪੁੰਜ) ਸਾਰੇ (ਕੁੰਜਰ) ਹਾਥੀ (ਸੈਲ) ਪਹਾੜਾਂ ਵਰਗੇ ਹਨ, ਸਿਰਾਂ ਤੇ (ਬਖਾਨ) ਸਿੰਙਾਂ ਰੂਪ ਸੂਰਜ ਹੈ ਅਥਵਾ (ਉਹਨਾਂ ਹਾਥੀਆਂ) ਤੇ ਸਵਾਰ ਸੂਰਮੇ ਪਹਾੜਾਂ ਦੀਆਂ ਚੋਟੀਆਂ ਵਾਂਗੂੰ ਕਹੇ ਜਾਂਦੇ ਹਨ। ਨਦੀ ਦੇ ਮੋੜ ਤੇ ਬਾਹਵਾਂ ਮਗਰਮੱਛਾਂ ਵਾਂਗੂੰ ਸ਼ੋਭਦੀਆਂ ਹਨ, (ਜਲ ਦੇ) (ਚਕ੍ਰ) ਭ੍ਰਮਰਿ ਵਾਂਗ ਰਥਾਂ ਦੇ (ਚਕ੍ਰ) ਗੇੜ (ਪਹੀਏ) ਹਨ। ਕੇਸਾਂ ਦੀ (ਪਾਸ) ਫਾਹੀ ਰੂਪ (ਸਿਬਾਲ) ਜਾਲਾ ਅਤੇ (ਅਸਥ ਚੂਰ) ਹੱਡਾਂ ਦਾ ਚੂਰਾ (ਸਰੱਕ੍ਰ) ਰੇਤਾ (ਸਰਕੜਾ) ਹੈ (ਇਹ ਨਦੀ ਦਾ ਰੂਪਕ ਦ੍ਰਿਸ਼ਟਾਂਤ ਹੈ)॥੭॥੭੧॥

**ਸੱਜਿ ਸੱਜਿ ਚਲੇ ਹਥਜਾਰਨ ਗੱਜਿ ਗਜਿ ਗਜੇਂਦ੍ਰ॥**
**ਬੱਜਿ ਬੱਜਿ ਸਬੱਜ ਬਾਜਨ ਭੱਜਿ ਭੱਜਿ ਹਏਂਦ੍ਰ॥**
**ਮਾਰ ਮਾਰ ਪੁਕਾਰ ਕੈ ਹਥਿਯਾਰ ਹਾਥ ਸੰਭਾਰ॥**
**ਧਾਇ ਧਾਇ ਪਰੇ ਨਿਸਾਚਰ ਬਾਇ ਸੰਖ ਅਪਾਰ॥੮॥੭੨॥**

***ਭਾਵਾਰਥ:–*** (ਰਾਜੇਂਦ੍ਰ) ਮਹਾਨ ਰਜੇ ਹਥਿਆਰ ਸਜਾ ਸਜਾ ਅਤੇ ਗੱਜ ਗੱਜ ਕੇ ਤੁਰੇ। (ਸਬੱਜ) ਸਬਾਜਿ ਘੋੜਿਆਂ ਵਾਲੇ (ਬਾਜਨ) ਘੋੜਿਆਂ ਵਾਲਿਆਂ ਨਾਲ (ਬੱਜਿ ਬੱਜਿ) ਲੜ ਲੜ ਕੇ ਅਤੇ (ਹਏਂਦ੍ਰ) ਉੱਤਮ ਘੋੜੇ ਦੌੜ ਦੌੜ ਕੇ ਚੱਲੇ। ਹੱਥਾਂ ਵਿਚ ਹਥਿਆਰ ਸੰਭਾਲ ਕੇ ਅਤੇ ਮਾਰ ਮਾਰ ਬੋਲ ਕੇ, ਬੇਅੰਤ ਸੰਖ ਵਜਾ ਕੇ ਅਤੇ ਦੌੜ ਦੌੜ ਕੇ (ਨਿਸਾਚਰ) ਦੈਂਤ (ਲੜਨ ਨੂੰ) ਪੈ ਗਏ॥੮॥੭੨॥

**ਸੰਖ ਗੋਯਮੰ ਗਜਿਯੰ ਅਰ ਸਜਿਯੰ ਰਿਪੁਰਾਜ॥**
**ਭਾਜਿ ਭਾਜਿ ਚਲੇ ਕਿਤੇ ਤਜਿ ਲਾਜਿ ਬੀਰ ਨ੍ਰਿਲਾਜ॥**
**ਭੀਮ ਭੇਰੀ ਭੁੰਕੀਯੰ ਅਰੁ ਧੁੰਕਿਯੰ ਸੁ ਨਿਸਾਣ॥**
**ਗਾਹਿ ਗਾਹਿ ਫਿਰੇ ਫਵੱਜਨ ਬਾਹਿ ਬਾਹਿ ਗਦਾਣ॥੯॥੭੩॥**

***ਭਾਵਾਰਥ:–*** ਸੰਖ ਅਤੇ (ਗੋਜਮੰ, ਗੋਮੁਖ) ਨਗਾਰੇ ਗੱਜੇ ਅਤੇ (ਰਿਪੁ ਰਾਜ) ਮਹਾਂ ਦੁਸ਼ਮਣ ਸਜ ਗਏ। ਕਈ ਭੱਜ ਭੱਜ ਕੇ (ਨ੍ਰਿਲਾਜ) ਬੇਸ਼ਰਮ ਯੋਧੇ ਸ਼ਰਮ ਛੱਡ ਕੇ ਤੁਰ ਪਏ। (ਭੀਮ) ਭਿਆਨ ਭੇਰੀ ਵੱਜੀ

---

[1] 'ਸੂਰ ਸੀਸ ਬਖਾਨ' ਦਾ ਅਰਥ ਨਦੀ ਦੇ ਦ੍ਰਿਸ਼੍ਰਾਂਤ ਵਾਲੇ ਰੂਪਕ ਵਿੱਚਣ ਢੁੱਕਦਾ ਨਹੀਂ, ਪਰੰਤੂ ਮੇਰੇ ਸਾਹਮਣੇ ਏਸ ਵੇਲੇ ਫ਼ਕਤ ਭਾਈ ਜਵਾਹਰ ਸਿੰਘ ਭਾਈ ਕ੍ਰਿਪਾਲ ਸਿੰਘ ਜੀ ਪੁਸਤਕਾਂ ਵਾਲਿਆਂ ਦੀ ਛਾਪੀ ਹੋਈ ਸੈਂਚੀ ਹੀ ਹੈ, ਜਿਸ ਵਿੱਚ ਸਫ਼ਾ ੧੦੪ 'ਤੇ ਪਾਠ ਤਾਂ ਏਹੋ ਹੀ ਹੈ, ਹੋਰ ਪਾਠ ਵੀ ਦਿਮਾਗ ਵਿੱਚ ਤਾਂ ਨਹੀਂ ਆ ਰਿਹਾ, ਜਿਸ ਤੋਂ ਅਜੇ ਨਿਰਸ਼ੰਸ਼ਯ ਅਰਥ ਨਹੀਂ ਹੋ ਸਕਿਆ।

ਅਤੇ ਉੱਤਮ (ਨਿਸਾਣ) ਨਗਾਰੇ (ਧੰਕਿਯੰ) ਵੱਜੇ। ਗਦਾ ਮਾਰ ਮਾਰ ਕੇ ਫ਼ੌਜਾਂ ਨੇ ਗਾਹ ਪਾਇਆ ਹੋਇਆ ਹੈ॥੯॥੭੩॥

**ਬੀਰ ਕੰਗਨੇ ਬੰਧਹੀ ਅਰੁ ਅੱਛਰੈਂ ਸਿਰ ਤੇਲੁ॥**
**ਬੀਨ ਬੀਨ ਬਰੇ ਬਰੰਗਨ ਡਾਰਿ ਡਾਰਿ ਫੁਲੇਲੁ॥**
**ਘਾਲਿ ਘਾਲਿ ਬਿਵਾਨ ਲੇਗੀ ਫੇਰ ਫੇਰ ਸੁ ਬੀਰ॥**
**ਕੂਦਿ ਕੂਦਿ ਪਰੇ ਤਹਾਂ ਤੇ ਝਾਗਿ ਝਾਗਿ ਸੁ ਤੀਰ॥੧੦॥੭੪॥**

***ਭਾਵਾਰਥ:–*** (ਅੱਛਰੈਂ) ਅਪਸਰਾਂ ਸਿਰ ਵਿੱਚ ਤੇਲ ਪਾ ਕੇ ਅਤੇ (ਵਿਆਹ ਲਈ (ਕੰਗਨ) ਗਾਨੇ ਬੰਨ੍ਹਦੀਆਂ ਹਨ। (ਬੰਗਨ) ਉੱਤਮ ਇਸਤਰੀਆਂ (ਅਤਰ) ਫਲੇਲ ਪਾ ਪਾ ਕੇ ਯੋਧਿਆਂ ਨੂੰ ਚੁਣ ਚੁਣ ਕੇ ਵਿਆਹੁੰਦੀਆਂ ਹਨ। ਚੰਗਿਆਂ ਯੋਧਿਆਂ ਨੂੰ ਲੱਭ-ਲੱਭ ਕੇ ਵਿਮਾਨਾਂ ਵਿੱਚ ਘੁਮਾ-ਘੁਮਾ ਕੇ ਲੈ ਗਈਆਂ। (ਸੂਰਵੀਰਾਂ ਨੂੰ ਵਿਮਾਨਾਂ ਵਿੱਚ ਅਪੱਛਰਾਂ ਚੜ੍ਹਾ ਕੇ ਲਿਜਾਂਦੀਆਂ ਹਨ) ਉਹ ਵਿਮਾਨਾਂ ਵਿੱਚੋਂ ਛਾਲਾਂ ਮਾਰ ਕੇ (ਮੈਦਾਨੇ ਜੰਗ ਵਿੱਚ) ਡਿੱਗਦੇ ਹਨ ਅਤੇ ਅੱਗੇ ਵਧ ਕੇ ਤੀਰ ਝੱਲਦੇ ਹਨ॥੧੦॥੭੪॥

**ਹਾਂਕਿ ਹਾਂਕਿ ਲਰੇ ਤਹਾਂ ਰਣ ਰੀਝਿ ਰੀਝਿ ਭਟੇਂਦ੍ਰ॥**
**ਜੀਤਿ ਜੀਤਿ ਲਯੋ ਜਿਨੈ ਕਈ ਬਾਰ ਇੰਦ੍ਰ ਉਪੇਂਦ੍ਰ॥**
**ਕਾਟਿ ਕਾਟਿ ਦਏ ਕਪਾਲੀ ਬਾਂਟਿ ਬਾਂਟਿ ਦਿਸਾਨ॥**
**ਡਾਟਿ ਡਾਟਿ ਕਰ ਦਲੰ ਸੁਰ ਪੱਗੁ ਪੱਬ ਪਿਸਾਨ॥੧੧॥੭੫॥**

***ਭਾਵਾਰਥ:–*** ਉੱਥੇ ਜੰਗ ਵਿੱਚ (ਭਟੇਂਦ੍ਰ) ਮਹਾਂ ਯੋਧੇ ਖੁਸ਼ ਹੋ ਹੋ ਕੇ ਅਤੇ (ਹਾਂਕਿ ਹਾਂਕਿ) ਇੱਕ ਦੂਜੇ ਨੂੰ ਵੰਗਾਰ-ਵੰਗਾਰ ਕੇ ਲੜਦੇ ਹਨ। ਜਿਨ੍ਹਾਂ ਨੇ ਕਈ ਵਾਰ ਇੰਦਰ ਅਤੇ (ਉਪੇਂਦ੍ਰ) ਵਾਮ੍ਹਨ (ਬਾਵਨ) ਅਵਤਾਰ ਵੀ ਜਿੱਤ ਜਿੱਤ ਲਿਆ ਸੀ। (ਕਪਾਲੀ) ਦੇਵੀ ਨੇ ਕੱਟ ਕੱਟ ਕੇ (ਦਿਸਾਨ) ਪਾਸਿਆਂ ਵਿੱਚ ਵੰਡ ਵੰਡ ਕੇ ਸੁੱਟ ਦਿੱਤੇ। (ਦਲੰ ਸੁਰ) ਦੈਂਤ ਦਲ ਜੀਨ੍ਹੇ (ਪੱਗੁ) ਪੈਰਾਂ ਨਾਲ (ਪੱਬ) ਪਹਾੜ (ਪਿਸਾਨ) ਆਰਾ ਬਣਾਏ ਸਨ (ਉਹਨੂੰ ਦੁਰਗਾ ਨੇ) ਡਾਟ ਡਾਟ ਕੇ ਦੂਰ ਕਰ ਦਿੱਤਾ॥੧੧॥੭੫॥

**ਧਾਇ ਧਾਇ ਸੰਘਾਰਿਯੰ ਰਿਪੁ ਰਾਜ ਬਾਜ ਅਨੰਤ॥**
**ਸ੍ਰੋਣ ਕੀ ਸਰਿਤਾ ਉਠੀ ਰਣ ਮਧਜ ਰੂਪ ਦੁਰੰਤ॥**
**ਬਾਣ ਔਰ ਕਮਾਣ ਸੈਥੀ ਸੂਲ ਤਿੱਛ ਕੁਠਾਰ॥**
**ਚੰਡ ਮੁੰਡ ਹਣੇ ਦੋਊ ਕਰ ਕੋਪ ਕਾਲਿ ਕ੍ਰਵਾਰ[੧]॥੧੨॥੭੬॥**

---

[੧] ਸਿੱਖਾਂ ਦੇ ਕਈ ਅੰਞਾਣ ਗਜਾਨੀ 'ਚੰਡਿਕਾ' ਨੂੰ ਕਾਲ ਤੋਂ ਅੱਡਰੀ ਇਸਤਰੀ ਰੂਪ ਹਸਤੀ ਮੰਨ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੋਰ ਭਗਵਤੀ ਉਪਾਸ਼ਕਾਂ ਵਾਂਗ ਹੀ ਮੰਨਦੇ ਹਨ, ਉਹ ਨਾ ਹੀ ਸ੍ਰੀ ਗੁਰੂ ਜੀ ਦੀ ਬਾਣੀ ਦੇ ਮਰਮਗਜਾ ਅਤੇ ਨਾ ਹੀ ਮਾਰਕੰਡੇਯ ਪੁਰਾਣ ਦੇ ਮਰਮਗਜ ਹਨ, ਏਹੋ ਜੇਹੀਆਂ ਥਾਂਵਾਂ ਖ਼ਾਸ ਕਰਕੇ 'ਕਾਲ' ਅਤੇ 'ਦੁਰਗਾ' ਨੂੰ ਅਭੇਦ, ਇਕ ਹੀ ਹਸਤੀ ਸਵੀਕਾਰ ਕਰਦੀਆਂ ਹਨ, ਇਹ ਆਸ਼ਯ ਬਚਿੱਤ੍ਰ ਨਾਟਕ ਵਿੱਚ ਵੀ ਦੱਸਿਆ ਹੋਇਆ ਹੈ, ਯਥਾ:-

ਸੁੰਭ ਨਿਸੁੰਭ ਸੇ ਕੋਟਿ ਨਿਸਾਚਰ, ਜਾਹਿ ਛਿਨੇਕ ਬਿਖੈ ਹਨ ਡਾਰੇ॥

***ਭਾਵਾਰਥ:-*** (ਰਿਪੁ) ਵੈਰੀਆਂ ਦੇ ਬੇਅੰਤ (ਰਾਜ ਬਾਜਿ) ਵੱਡੇ ਘੋੜੇ ਦੁਰਗਾ ਨੇ ਦੌੜ ਦੌੜ ਕੇ ਮਾਰੇ। ਬੇਅੰਤ ਰੂਪਾਂ ਵਿੱਚ ਜੰਗ ਵਿੱਚ ਲਹੂ ਦੀ (ਸਰਿਤਾ) ਨਦੀ (ਉਠੀ) ਪੈਦਾ ਹੋ ਗਈ। ਤੀਰ, ਕਮਾਨ, (ਸੈਥੀ) ਬਰਛੀ, (ਸੂਲ) ਤ੍ਰਿਸ਼ੂਲ ਅਤੇ ਤਿੱਖੇ (ਕੁਠਾਰ) ਕੁਹਾੜਿਆਂ ਵਾਲੇ ਚੰਡ ਅਤੇ ਮੁੰਡ ਨਾਮ ਦੇ ਦੋਵੇਂ ਦੈਂਤ ਕਾਲੀ ਦੁਰਗਾ ਦੀ ਤਲਵਾਰ ਨੇ ਕ੍ਰੋਧ ਨਾਲ ਮਾਰ ਦਿੱਤੇ॥੧੨॥੭੬॥

**ਦੋਹਰਾ॥**

**ਚੰਡ ਮੁੰਡ ਮਾਰੇ ਦੋਊ ਕਾਲੀ ਕੋਪ ਕ੍ਰਵਾਰ॥**

**ਅਉਰ ਜਿਤੀ ਸੈਨਾ ਹੁਤੀ ਛਿਨ ਮੋ ਦਈ ਸੰਘਾਰ॥੧੩॥੭੭॥**

***ਭਾਵਾਰਥ:-*** (ਕਾਲਿਕਾ) ਦੁਰਗਾ ਨੇ ਕ੍ਰੋਧ ਕਰ ਕੇ ਤਲਵਾਰ ਨਾਲ ਚੰਡ ਅਤੇ ਮੁੰਡ ਦੋਵੇਂ ਦੈਂਤ ਮਾਰ ਦਿੱਤੇ। ਹੋਰ ਜਿੰਨੀ ਫ਼ੌਜ ਸੀ ਉਹ ਵੀ ਛਿਣ ਵਿੱਚ ਹੀ ਮਾਰ ਦਿੱਤੀ॥੧੩॥੭੭॥

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਚੰਡ ਮੁੰਡ ਬਧਹ ਤ੍ਰਿਤਿਯੋ ਧਿਆਇ ਸੰਪੂਰਨ ਮਸਤ ਸੁਭ ਮਸਤੁ॥੩॥ਅਫਜੂ॥**

***ਭਾਵਾਰਥ:-*** ਏਥੇ ਸੋਹਣੇ ਬਚਿਤ੍ਰ ਨਾਟਕ ਗ੍ਰੰਥ ਦੇ ਚੰਡੀ ਚਰਿਤ੍ਰ ਵਿੱਚੋਂ ਚੰਡ ਅਤੇ ਮੁੰਡ (ਦੈਂਤਾਂ) ਦੇ ਮਾਰੇ ਜਾਣ ਵਾਲਾ ਤੀਜਾ ਅਧਿਆਇ ਪੂਰਾ ਹੋਇਆ ਹੈ, ਸ਼ੁਭ ਹੈ॥੩॥ ਹੋਰ...॥

**ਅਥ ਰਕਤ ਬੀਰਜ ਜੁੱਧ ਕਥਨੰ॥**

***ਭਾਵਾਰਥ:-*** ਹੁਣ ਮੈਂ (ਸ੍ਰੀ ਗੁਰੂ ਗੋਬਿੰਦ ਸਿੰਘ) ਰਕਤ ਵੀਰਯ ਦਾ ਜੰਗ ਕਹਿੰਦਾ ਹਾਂ।

**ਸੋਰਠਾ॥**

**ਸੁਨੀ ਭੂਪ ਇਮ ਗਾਥ ਚੰਡ ਮੁੰਡ ਕਾਲੀ ਹਨੇ॥**

**ਬੈਠ ਭ੍ਰਾਤ ਸੋ ਭ੍ਰਾਤ ਮੰਤ੍ਰ ਕਰਤ ਇਹ ਬਿਧਿ ਭਏ॥੧॥੭੮॥**

***ਭਾਵਾਰਥ:-*** ਰਾਜੇ (ਸੁੰਭ) ਨੇ ਇਓਂ ਕਿ 'ਚੰਡ ਮੁੰਡ ਕਾਲਿਕਾ ਨੇ ਮਾਰ ਦਿੱਤੇ ਨੇ' ਕਥਾ ਸੁਣੀ, ਤਾਂ ਭਰਾ ਨਾਲ (ਸੁੰਭ ਅਤੇ ਨਿਸੁੰਭ) ਨੇ ਬਹਿ ਕੇ ਇਸ ਤਰ੍ਹਾਂ (ਮੰਤ੍ਰ) ਸਲਾਹ (ਕਰਤ ਭਏ) ਕੀਤੀ॥੧॥੭੮॥

**ਚਉਪਈ॥**

---

ਧੂਮਰਲੋਚਨ ਚੰਡ ਅਉ ਮੁੰਡ ਸੇ, ਮਾਹਿਖ ਸੇ ਪਲ ਬੀਚ ਨਿਵਾਰੇ॥
ਚਾਮਰ ਸੇ ਰਣ ਚਿੱਛੁਰ ਸੇ, ਰਕਤਿੱਛਣ ਸੇ ਝਟ ਦੈ ਝਝਕਾਰੇ॥
ਐਸੋ ਸੁ ਸਾਹਿਬ ਪਾਇ, ਕਹਾ ਪਰਵਾਹ ਨਹੀਂ? ਇਹ ਦਾਸ ਤਿਹਾਰੇ॥੯੩॥

ਏਸ ਸਵੈਯੇ ਵਿੱਚ ਵੀ 'ਸੁੰਭ ਨਿਸੁੰਭ, ਧੂਮਰਲੋਚਨ, ਚੰਡ, ਮੁੰਡ, ਮਹਿਖਾਸੁਰ, ਚਾਮਰ, ਚਿੱਛਰ ਅਤੇ ਰਕਤਿੱਛਣ ਦਾ ਨਾਸ ਕਰਤਾ ਪੁਲਿੰਗ 'ਐਸੋ ਸੁ ਸਾਹਿਬ' ਹੈ, ਏਹੋ ਹੀ ਦੈਂਤ ਚੰਡੀ ਚਰਿਤ੍ਰ ਵਿੱਚ ਵਰਣਨ ਕੀਤੇ ਹੋਏ ਹਨ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੱਤ ਵਿੱਚ 'ਦੁਰਗਾ' ਅਤੇ 'ਕਾਲ' ਇਕ ਹੀ ਹਸਤੀ ਹੈ, ਸ਼੍ਰੀ ਗੁਰੂ ਜੀ ਦੀ ਬਾਣੀ 'ਚੋਂ ਸ਼੍ਰੀ ਗੁਰੂ ਜੀ 'ਕਾਲ ਉਪਾਸ਼ਕ' ਹੀ ਸਿੱਧ ਹੁੰਦੇ ਹਨ।

**ਰਕਤ ਬੀਜ ਤਬਿ ਭੂਪਿ ਬੁਲਾਯੋ॥ ਅਮਿਤ ਦ੍ਰਬਜ ਦੈ ਤਹਾ ਪਠਾਯੋ॥**
**ਬਹੁ ਬਿਧਿ ਦਈ ਬਿਰੂਥਨਿ ਸੰਗਾ॥ ਹੈ ਗੈ ਰਥ ਪੈਦਲ ਚਤੁਰੰਗਾ॥੨॥੭੯॥**

***ਭਾਵਾਰਥ:-*** ਤਾਂ ਰਾਜੇ (ਸੁੰਭ) ਨੇ ਸ੍ਰੋਣਤ ਵੀਰਜ ਨੂੰ ਬੁਲਾਇਆ। ਬਹੁਤ (ਦਰਬ) ਧਨ ਦੇ ਕੇ ਓਥੇ ਜੰਗ ਵਿੱਚ ਭੇਜਿਆ। ਬਹੁਤ ਤਰ੍ਹਾਂ ਘੋੜੇ, ਹਾਥੀ, ਰਥ ਅਤੇ ਪੈਦਲ (ਚਤੁਰੰਗਾ) ਚਹੁੰ ਅੰਗਾਂ ਵਾਲੀ ਫ਼ੌਜ ਨਾਲ ਦਿੱਤੀ॥੨॥੭੯॥

**ਰਕਤ ਬੀਜ ਦੈ ਚਲਯੋ ਨਗਾਰਾ॥ ਦੇਵ ਲੋਗ ਲਉ ਸੁਨੀ ਪੁਕਾਰਾ॥**
**ਕੰਪੀ ਭੂਮਿ ਗਗਨ ਥਹਰਾਨਾ॥ ਦੇਵਨ ਜੁਤਿ ਦਿਵਰਾਜ ਡਰਾਨਾ॥੩॥੮੦॥**

***ਭਾਵਾਰਥ:-*** ਸ੍ਰੋਣਤ ਵੀਰਜ ਨਗਾਰਾ (ਦੈ) ਵਜਾ ਕੇ ਤੁਰਿਆ ਤਾਂ ਆਵਾਜ਼ (ਦੇਵ ਲੋਗ) ਸਵਰਗ ਤੱਕ ਸੁਣੀ ਗਈ। ਜ਼ਮੀਨ ਕੰਬ ਗਈ ਅਤੇ (ਗਗਨ) ਅਕਾਸ਼ ਵੀ (ਥਹਰਾਨਾ) ਡੋਲ ਗਿਆ। ਦੇਵਤਿਆਂ ਸਮੇਤ (ਦਿਵਰਾਜ) ਇੰਦਰ ਵੀ ਡਰ ਗਿਆ॥੩॥੮੦॥

**ਧਵਲਾ ਗਿਰਿ ਕੇ ਜਬ ਤਟ ਆਏ॥ ਦੁੰਦਭਿ ਢੋਲ ਮ੍ਰਿਦੰਗ ਬਜਾਏ॥**
**ਜਬ ਹੀ ਸੁਨਾ ਕੁਲਾਹਲ ਕਾਨਾ॥ ਉਤਰੀ ਸਸਤ੍ਰ ਅਸਤ੍ਰ ਲੈ ਨਾਨਾ॥੪॥੮੧॥**

***ਭਾਵਾਰਥ:-*** ਜਦੋਂ ਦੈਂਤ (ਧਵਲਾ ਗਿਰਿ) ਕੈਲਾਸ਼ ਦੇ (ਤਟ) ਕੋਲ (ਦੁੰਦਭਿ) ਨਗਾਰੇ, ਢੋਲ ਅਤੇ ਮ੍ਰਿਦੰਗਾਂ ਵਜਾ ਕੇ ਆ ਗਏ। ਜਦੋਂ ਕੰਨੀ (ਕੁਲਾਹਲ) ਰੌਲਾ ਸੁਣਿਆ ਤਾਂ ਦੁਰਗਾ ਵੀ ਬਹੁਤ ਤਰ੍ਹਾਂ ਦੇ ਸ਼ਸਤਰ ਅਸਤਰ ਲੈ ਕੇ ਮੈਦਾਨ ਵਿੱਚ ਉੱਤਰ ਆਈ॥੪॥੮੧॥

**ਛਹਬਰ ਲਾਇ ਬਰਖਿਯੰ ਬਾਣੰ॥ ਬਾਜਿਰਾਜ ਅਰੁ ਗਿਰੇ ਕਿਕਾਣੰ॥**
**ਢਹਿ ਢਹਿ ਪਰੇ ਸੁਭਟ ਸਿਰਦਾਰਾ॥ ਜਨੁ ਕਰ ਕਟੇ ਬਿਰਛ ਸੰਗਿ ਆਰਾ॥੫॥੮੨॥**

***ਭਾਵਾਰਥ:-*** (ਛਹਬਰ) ਝੜੀ ਲਾ ਕੇ ਤੀਰ ਵਰਸਾਏ, (ਬਾਜਰਾਜ) ਵਡੇ ਵਡੇ ਘੋੜੇ ਤੇ ਘੋੜ ਸਵਾਰ ਅਤੇ (ਕਿਕਾਵੰ) ਘੋੜੇ ਵੀ ਡਿੱਗ ਪਏ। ਸਰਦਾਰ ਯੋਧੇ ਵੀ ਡਿੱਗ ਡਿੱਗ ਕੇ ਲੰਮੇ ਪੈ ਗਏ। (ਜਨੁ ਕਰ) ਮਾਨੋ ਕਿ ਆਰੇ ਨਾਲ ਕੱਟੇ ਹੋਏ ਰੁੱਖ ਹਨ॥੫॥੮੨॥

**ਜੇ ਜੇ ਸਤ੍ਰੁ ਸਾਮੁਹੇ ਭਏ॥ ਬਹੁਰਿ ਜਿਯਤਿ ਗ੍ਰਿਹ ਕੋ ਨਹੀ ਗਏ॥**
**ਜਿਹ ਪਰ ਪਰਤ ਭਈ ਤਰਵਾਰਾ॥ ਇਕਿ ਇਕਿ ਤੇ ਭਏ ਦੋ ਦੋ ਚਾਰਾ॥੬॥੮੩॥**

***ਭਾਵਾਰਥ:-*** ਜਿਹੜੇ ਜਿਹੜੇ (ਸਤ੍ਰੁ) ਵੈਰੀ ਸਾਹਮਣੇ ਹੋਏ, ਉਹ ਫੇਰ ਘਰਾਂ ਨੂੰ ਜੀਉਂਦੇ ਨਹੀਂ ਗਏ। ਜੀਹਦੇ ਤੇ ਤਲਵਾਰ ਵੱਜ ਗਈ। ਇੱਕ ਇੱਕ ਤੋਂ ਦੋ ਦੋ ਅਤੇ ਦੋ ਦੋ ਤੋਂ ਚਾਰ ਚਾਰ ਹੋ ਗਏ॥੬॥੮੩॥

**ਭੁਜੰਗ ਪ੍ਰਯਾਤ ਛੰਦ॥**
**ਝਿਮੀ ਤੇਜ ਤੇਗੰ ਸਰੋਸੰ ਪ੍ਰਹਾਰੰ॥ ਖਿਮੀ ਦਾਮਨੀ ਜਾਣੁ ਭਾਦੋ ਮਝਾਰੰ॥**
**ਉਠੇ ਨੱਦ ਨਾਦੰ ਕੜੱਕੇ ਕਮਾਣੰ॥ ਮਚਯੋ ਲੋਹ ਕ੍ਰੋਹੰ ਅਭੂਤੰ ਭਯਾਣੰ॥੭॥੮੪॥**

***ਭਾਵਾਰਥ:-*** ਗੁੱਸੇ ਵਿੱਚ ਚਲਾਈ ਹੋਈ ਤਿੱਖੀ ਤਲਵਾਰ (ਝਿਮੀ) ਚਮਕੀ। ਮਾਨੋ ਕਿ ਭਾਦੋਂ ਵਿੱਚ (ਦਾਮਨੀ) ਬਿਜਲੀ (ਖਿਮੀ) ਲਿਸ਼ਕੀ ਹੈ। (ਨਾਦੰ) ਸੰਖਾਂ (ਵਾਜਿਆਂ) ਦੇ ਸ਼ਬਦ (ਉਠੇ) ਪ੍ਰਗਟੇ ਅਤੇ ਕਮਾਨਾਂ ਕੜਕੀਆਂ। (ਅਭੂਤੰ) ਅਸਚਰਜ਼ ਅਤੇ ਭਿਆਨਕ (ਕ੍ਰੋਹੰ) ਕ੍ਰੋਧ ਵਾਲਾ (ਲੋਹ) ਜੰਗ ਮੱਚਿਆ॥੭॥੯੪॥

**ਬਜੇ ਭੇਰ ਭੇਰੀ ਜੁਝਾਰੇ ਝਣੱਕੇ॥ ਪਰੀ ਕੁੱਟ ਕੁੱਟੰ ਲਗੇ ਧੀਰ ਧੱਕੇ॥**
**ਚਵੀ ਚਾਵਡੀਯੰ ਨਫੀਰੰ ਰਣੱਕੰ॥ ਮਨੋ ਬਿੱਚਰੰ ਬਾਘ ਬੰਕੇ ਬਬੱਕੰ॥੮॥੯੫॥**

***ਭਾਵਾਰਥ:-*** (ਭੇਰ) ਭਿਆਨਕ (ਭੇਰੀ) ਨਗਾਰੇ ਵੱਜਣ ਨਾਲ ਯੋਧੇ (ਝਣੱਕੇ) ਨੱਸੇ ਭਾਵ ਜੋਸ਼ ਵਿੱਚ ਭਰ ਗਏ। ਮਾਰ ਤੇ ਮਾਰ ਪਈ ਅਤੇ (ਧਰਿ) ਧੀਰਜਵਾਨਾਂ ਨੂੰ ਵੀ ਧੱਕੇ ਵੱਜੇ। (ਚਾਵਡਿਯੰ) ਇੱਲ੍ਹਾਂ (ਚਵੀ) ਬੋਲੀਆਂ, ਨਫੀਰੀਆਂ (ਰਣੱਕੰ) ਵੱਜੀਆਂ। ਮਾਨੋ ਕਿ (ਬੰਕੇ) ਸੋਹਣੇ (ਬਾਘ) ਸ਼ੇਰ ਭਬਕਦੇ (ਬਿੱਚਰੰ) ਫਿਰਦੇ ਹੋਣ॥੮॥੯੫॥

**ਉਤੇ ਕੋਪਿਯੰ ਸ੍ਰੋਣਬਿੰਦੰ ਸੁ ਬੀਰੰ॥ ਪ੍ਰਹਾਰੇ ਭਲੀ ਭਾਂਤਿ ਸੋਂ ਆਨ ਤੀਰੰ॥**
**ਇਤੇ ਦੌਰ ਦੇਵੀ ਕਰਯੋ ਖੱਗ ਪਾਤੰ॥ ਗਿਰਯੋ ਮੂਰਛਾ ਹ੍ਵੈ ਭਯੋ ਜਾਨੁ ਘਾਤੰ॥੯॥੯੬॥**

***ਭਾਵਾਰਥ:-*** ਓਧਰ ਸ੍ਰੋਣਤ (ਬਿੰਦ) ਵੀਰਜ ਯੋਧਾ ਕ੍ਰੋਧਿਤ ਹੋਇਆ। ਚੰਗੀ ਤਰ੍ਹਾਂ ਨਾਲ ਆਣ ਕੇ ਤੀਰ ਚਲਾਏ। ਏਧਰੋਂ ਦੇਵੀ ਦੁਰਗਾ ਨੇ ਦੌੜ ਕੇ (ਖੱਗ) ਤਲਵਾਰ ਜਾਂ ਤੀਰ ਦਾ (ਪਾਤੰ) ਵਾਰ ਕੀਤਾ। ਮੂਰਛਾ ਹੋ ਕੇ ਡਿੱਗ ਪਿਆ ਮਾਨੋ ਕਿ (ਘਾਤੰ) ਮਰ ਹੀ ਗਿਆ॥੯॥੯੬॥

**ਛੁਟੀ ਮੂਰਛਨਾਯੰ ਮਹਾਬੀਰ ਗੱਜਯੋ॥ ਘਰੀ ਚਾਰ ਲੌਂ ਸਾਰ ਸੋ ਸਾਰ ਬੱਜਯੋ॥**
**ਲਗੇ ਬਾਨ ਸ੍ਰੋਣੰ ਗਿਰਯੋ ਭੂਮਿ ਜੁੱਧੰ॥ ਉਠੇ ਬੀਰ ਤੇਤੇ ਕੀਏ ਨਾਦ ਕ੍ਰੁੱਧੰ॥੧੦॥੯੭॥**

***ਭਾਵਾਰਥ:-*** ਮੂਰਛਨਾ ਛੁੱਟ ਜਾਣ ਤੋਂ ਮਹਾਨ ਯੋਧਾ ਗੱਜਿਆ, ਚਾਰ ਘੜੀਆਂ ਤੱਕ ਲੋਹੇ ਨਾਲ ਲੋਹਾ ਖੜਕਿਆ ਭਾਵ ਸ਼ਸਤਰਾਂ ਨਾਲ ਸ਼ਸਤਰ ਖੜਕੇ। ਤੀਰ ਲੱਗਣ ਤੋਂ ਮੈਦਾਨੇ ਜੰਗ ਵਿੱਚ (ਸ੍ਰੋਣੰ) ਜਿੰਨੇ ਤੁਬਕੇ ਲਹੂ ਦੇ ਡਿੱਗੇ। ਓਨੇ ਹੀ ਸੂਰਮੇ (ਉਠੇ) ਪੈਦਾ ਹੋ ਗਏ ਅਤੇ ਉਨ੍ਹਾਂ ਨੇ ਕ੍ਰੋਧ ਨਾਲ (ਕੀਏ) ਰੌਲਾ ਪਾਇਆ॥੧੦॥੯੭॥

**ਉਠੇ ਬੀਰ ਜੇਤੇ ਤਿਤੇ ਕਾਲਿ ਕੂਟੇ॥ ਪਰੇ ਚਰਮ ਬਰਮੰ ਕਹੂੰ ਗਾਤ ਟੂਟੇ॥**
**ਜਿਤੀ ਭੂਮਿ ਮੱਧੰ ਪਰੀ ਸ੍ਰੋਣ ਧਾਰੰ॥ ਜਗੇ ਸੂਰ ਤੇਤੇ ਕਿਯੇ ਮਾਰ ਮਾਰੰ॥੧੧॥੯੮॥**

***ਭਾਵਾਰਥ:-*** ਜਿੰਨੇ ਯੋਧੇ (ਉਠੇ) ਪੈਦਾ ਹੋਏ ਕਾਲੀ ਦੁਰਗਾ ਨੇ ਓਨੇ ਹੀ (ਕੂਟੇ) ਮਾਰ ਦਿੱਤੇ। ਕਿਤੇ (ਚਰਮ) ਢਾਲਾਂ, ਕਿਤੇ (ਬਰਮੰ) ਸੰਜੋਆਂ ਅਤੇ ਕਿਤੇ ਟੁੱਟੇ ਹੋਏ (ਗਾਂਤ) ਸਰੀਰ ਪਏ ਹੋਏ ਹਨ। ਜਿੰਨੀਆਂ ਲਹੂ ਦੀਆਂ ਧਾਰਾਂ ਭਾਵ ਬੂੰਦਾਂ ਜ਼ਮੀਨ 'ਤੇ ਡਿੱਗੀਆਂ। ਓਨੇ ਹੀ ਸੂਰਵੀਰ ਮਾਰੋ ਮਾਰ ਕਰਦੇ ਹੋਏ (ਜਗੇ) ਪੈਦਾ ਹੋ ਗਏ॥੧੧॥੯੮॥

**ਪਰੀ ਕੁੱਟ ਕੁੱਟੰ ਰੁਲੇ ਤੱਛ ਮੁੱਛੰ॥ ਕਹੂੰ ਮੁੰਡ ਤੁੰਡੰ ਕਹੂੰ ਮਾਸੁ ਮੁਛੰ॥**

**ਭਯੋ ਚਾਰ ਸੈ ਕੋਸ ਲੌ ਬੀਰ ਖੇਤੰ॥ ਬਿਦਾਰੇ ਪਰੇ ਬੀਰ ਬ੍ਰਿੰਦੰ ਬਿਚੇਤੰ॥੧੨॥੮੯॥**

***ਭਾਵਾਰਥ:–*** ਕੁੱਟ ਤੇ ਕੁੱਟ ਪਈ, (ਤੱਛ ਮੁੱਛੰ) ਕੱਟੇ ਵੱਢੇ ਹੋਏ ਰੁਲ ਗਏ। ਕਿਤੇ ਸਿਰ, ਕਿਤੇ (ਤੁੰਡੰ) ਮੂੰਹ, ਕਿਤੇ ਮਾਸ ਅਤੇ ਕਿਤੇ ਮੁੱਛਾਂ (ਮਾਸ ਮੁੱਛੰ) ਮਾਸ ਦੇ ਟੁੱਕੜੇ ਚਾਰ ਸੌ ਕੋਹਾਂ ਤੱਕ (ਬੀਰ ਕੇਤੰ) ਮੈਦਾਨੇ ਜੰਗ ਬਣ ਗਿਆ। (ਜਿਸ ਵਿੱਚ) (ਬ੍ਰਿੰਦੰ) ਸਾਰੇ (ਬਿਦਾਰੇ) ਮਾਰੇ ਹੋਏ (ਬਿਚੇਤੰ) ਬੇਹੋਸ਼ ਯੋਧੇ ਹੀ ਪਏ ਸਨ॥੧੨॥੮੯॥

**ਰਸਾਵਲ ਛੰਦ॥**

**ਚਹੂੰ ਓਰ ਢੂਕੇ॥ ਮੁਖੰ ਮਾਰ ਕੂਕੇ॥**
**ਝੰਡਾ ਗੱਡ ਗਾਢੇ॥ ਮਚੇ ਰੋਸ ਬਾਢੇ॥੧੩॥੯੦॥**

***ਭਾਵਾਰਥ:–*** ਮੂੰਹੋਂ ਮਾਰ ਲਉ, ਮਾਰ ਲਉ ਕੂਕ ਕੇ, ਚਹੁੰ ਪਾਸਿਆਂ ਤੋਂ ਢੁਕ ਆਏ। (ਗਾਢੇ) ਮਜ਼ਬੂਤ ਝੰਡਾ ਗੱਡ ਕੇ (ਰੋਸ ਬਾਢੇ) ਸੂਰਵੀਰ ਲੜ ਪਏ॥੧੩॥੯੦॥

**ਭਰੇ ਬੀਰ ਹਰਖੰ॥ ਕਰੀ ਬਾਣ ਬਰਖੰ॥**
**ਚਵੰ ਚਾਰ ਢੁੱਕੇ॥ ਪਛੇਆਹੁ ਰੁੱਕੇ॥੧੪॥੯੧॥**

***ਭਾਵਾਰਥ:–*** ਖੁਸ਼ੀ ਨਾਲ ਭਰੇ ਹੋਏ ਯੋਧਿਆਂ ਨੇ, ਤੀਰਾਂ ਦੀ ਬਾਰਸ਼ ਕੀਤੀ। (ਚਵੰ ਚਾਰ) ਬੋਲ ਦੀ ਚਾਲ ਬਾਣੀ ਵਾਂਗ ਤੇਜ਼ ਤੋਰ ਨਾਲ ਢੁੱਕ ਪਏ, (ਪਛੇਆਹੁ) ਪਛੜੇ ਹੋਏ (ਲੋਕ) ਵੀ ਰੁੱਕ ਗਏ॥੧੪॥੯੧॥

**ਪਰੀ ਸਸਤ੍ਰ ਝਾਰੰ॥ ਚਲੀ ਸ੍ਰੋਣ ਧਾਰੰ॥**
**ਉਠੇ ਬੀਰ ਮਾਨੀ॥ ਧਰੇ ਬਾਨ ਪਾਨੀ॥੧੫॥੯੨॥**

***ਭਾਵਾਰਥ:–*** ਸ਼ਸਤਰਾਂ ਦੀ (ਝਾਰੰ) ਚਮਕ (ਪਰੀ) ਉੱਠੀ। ਲਹੂ ਦੀ (ਧਾਰੰ) ਨਦੀ ਚੱਲ ਪਈ। (ਮਾਨੀ) ਅਭਿਮਾਨ ਯੋਧੇ ਹੱਥਾਂ ਵਿੱਚ ਤੀਰ (ਧਰੇ) ਫੜ੍ਹ ਕੇ ਉੱਠ ਖਲੋਤੇ॥੧੫॥੯੨॥

**ਮਹਾ ਰੋਸਿ ਗੱਜੇ॥ ਤੁਰੀ ਨਾਦ ਬੱਜੇ॥**
**ਭਰੇ ਰੋਸ ਭਾਰੀ॥ ਮਚੇ ਛਤ੍ਰ ਧਾਰੀ॥੧੬॥੯੩॥**

***ਭਾਵਾਰਥ:–*** ਬਹੁਤ (ਰੋਸ) ਗੁੱਸੇ ਨਾਲ ਯੋਧੇ ਗੱਜ ਪਏ। ਤੁਰਹੀਆਂ ਅਤੇ (ਨਾਦ) ਸੰਖ ਵੱਜ ਪਏ। (ਛਤ੍ਰ ਧਾਰੀ) ਰਾਜੇ ਭਾਰੇ ਗੁੱਸੇ ਨਾਲ ਭਰੇ ਹੋਏ (ਮਚੇ) ਲੜਦੇ ਹਨ॥੧੬॥੯੩॥

**ਹਕੰ ਹਾਕ ਬੱਜੀ॥ ਫਿਰੈ ਸੈਣ ਭੱਜੀ॥**
**ਪਰਜੋ ਲੋਹ ਕ੍ਰੋਹੰ[੧]॥ ਛਕੇ ਸੂਰ ਸੋਹੰ॥੧੭॥੯੪॥**

---

[੧] ਭਾਵੇਂ ਮੈਂ ਸੰਪ੍ਰਦਾਈਆਂ ਵਾਂਗੂੰ ਕੁਝ ਨ ਕੁਝ ਅਰਥ ਕਰ ਹੀ ਦਿੱਤਾ ਹੈ, ਪਰੰਤੂ ਜਦੋਂ ਭਾਵਕ ਪ੍ਰਤਿਧ੍ਵਨਿਤਾ ਵਿੱਚ ਚਲੇ ਜਾਈਏ ਤਾਂ ਪਤਾ ਲੱਗਦਾ ਹੈ ਕਿ ਇਹ ਪਾਠ ਅਸ਼ੁੱਧ ਹੈ, ਜਦੋਂ ਮੂਲ ਪਾਠ ਹੀ ਅਸ਼ੁੱਧ ਹੈ ਤਾਂ ਅਰਥ ਦੀ ਪ੍ਰਤਿਭਾਵਕ ਧ੍ਵਨੀ ਤਾਂ ਜ਼ਰੂਰ ਹੀ ਗ਼ਲਤ ਪਾਸੇ ਚਲੀ ਜਾਣੀ ਹੋਈ। ਇਹ ਧ੍ਵਨਿਤ ਪ੍ਰਕਰਣ ਪਰਮੇਸ਼ਰ ਦੀ ਹੀ ਕਿਰਪਾ ਨਾਲ ਬੁੱਧੀ ਵਿੱਚ

***ਭਾਵਾਰਥ:–*** ਲਲਕਾਰੇ ਤੇ ਲਲਕਾਰੇ ਵੱਜੇ। ਫ਼ੌਜ ਭੱਜੀ ਫਿਰਦੀ ਹੈ। ਕ੍ਰੋਧ ਨਾਲ (ਲੋਹ) ਜੰਗ (ਪਰਜੋ) ਮੱਚ ਗਿਆ। ਸੂਰਵੀਰ (ਛਕੇ) ਸਜੇ ਹੋਏ ਸੋਹੰਦੇ ਹਨ॥੧੭॥੯੪॥

**ਗਿਰੇ ਅੰਗ ਭੰਗੰ॥ ਦਵੰ ਜਾਣੁ ਦੰਗੰ॥**
**ਕੜੰਕਾਰ ਛੁੱਟੇ॥ ਝਣੰਕਾਰ ਉਠੇ॥੧੮॥੯੫॥**

***ਭਾਵਾਰਥ:–*** (ਅੰਗ ਭੰਗ) ਟੁੱਟੇ ਹੋਏ ਅੰਗ ਡਿੱਗ ਪਏ। (ਜਾਣੁ) ਮਾਨੋ ਕਿ ਅੱਗ ਦੇ ਅੰਗਿਆਰ ਦਮਕਦੇ ਹਨ। (ਕੜੰਕਾਰ) ਕੜਾਕਿਆਂ ਵਾਲੀਆਂ ਬੰਦੂਕਾਂ ਛੁਟਦੀਆਂ ਹਨ। (ਝਣੰਕਾਰ) ਚਿਣਗਾਂਰੀਆਂ ਉੱਠਦੀਆਂ ਹਨ॥੧੮॥੯੫॥

**ਕਟਾ ਕੱਟ ਬਾਹੈ॥ ਉਭੈ ਜੀਤਿ ਚਾਹੈ॥**
**ਮਹਾਂ ਮੱਦ ਮਾਤੇ॥ ਤਪੇ ਤੇਜ ਤਾਤੇ॥੧੯॥੯੬॥**

***ਭਾਵਾਰਥ:–*** (ਕੱਟ) ਲੱਕ ਤੇ ਬਾਂਹਾਂ ਕਟਵਾ ਕੇ ਵੀ ਜਿੱਤ ਚਾਹੁੰਦੇ ਹਨ। ਮਹਾਨ (ਮੱਦ) ਅਭਿਮਾਨ ਦੇ (ਉਭੈ) ਦੋਵੇਂ (ਮਾਤੇ) ਮਸਤ, (ਤੇਹ) ਕ੍ਰੋਧ ਦੀ (ਤਾਤੇ) ਤਪਸ਼ ਨਾਲ ਤਪੇ ਹੋਏ ਹਨ॥੧੯॥੯੬॥

**ਰਸੰ ਰੁਦ੍ਰ ਰਾਚੇ॥ ਉਭੇ ਜੁੱਧ ਮਾਚੇ॥**
**ਕਰੈਂ ਬਾਣ ਅਰਚਾ॥ ਧਨੁਰ ਬੇਦ ਚਰਚਾ॥੨੦॥੯੭॥**

***ਭਾਵਾਰਥ:–*** (ਰੁਦ੍ਰ) ਕਾਲ ਰੂਪ ਸ਼ਿਵ ਦੇ ਰਸ ਵਿੱਚ (ਰਾਤੇ) ਮਸਤ ਯੋਧੇ (ਉਭੈ) ਉਤਸ਼ਾਹਿਤ ਹੋ ਕੇ ਜੰਗ ਵਿੱਚ ਮੱਚ ਪਏ। ਧਨੁਸ਼ ਵਿੱਦਿਆ ਦੀ ਚਰਚਾ ਕਰਦੇ ਹਨ ਅਤੇ ਬਾਣਾਂ ਨਾਲ ਹੀ (ਅਰਚਾ) ਪੂਜਾ ਕਰਦੇ ਹਨ॥੨੦॥੯੭॥

**ਮਚੇ ਬੀਰ ਬੀਰੰ॥ ਉਠੀ ਝਾਰ ਤੀਰੰ॥**
**ਗਲੋ ਗੰਡ ਫੋਰੈਂ॥ ਨਹੀ ਨੈਨ ਮੋਰੈਂ॥੨੧॥੯੮॥**

***ਭਾਵਾਰਥ:–*** ਯੋਧਿਆਂ ਨਾਲ ਯੋਧੇ (ਮਚੇ) ਲੜ ਪਏ, ਤੀਰਾਂ ਦੀ (ਝਾਰ) ਚਮਕ ਉੱਠ ਪਈ। ਦੁਰਗਾ ਵਯੂਹ (ਫ਼ੌਜ ਨੂੰ ਕਿਲ੍ਹੇ ਦੀ ਸ਼ਕਲ ਵਿੱਚ ਕੀਤਾ ਹੋਇਆ) ਤੋੜਦੇ ਹਨ ਅੱਖਾਂ ਨਹੀਂ ਮੋੜਦੇ॥੨੧॥੯੮॥

**ਸਮੂਹ ਸਸਤ੍ਰ ਬਰਖੇ॥ ਮਹਿਖੁਆਸੁ ਕਰਖੇ॥**
**ਕਰੈਂ ਤੀਰ ਮਾਰੰ॥ ਬਹੈਂ ਲੋਹ ਧਾਰੰ॥੨੨॥੯੯॥**

***ਭਾਵਾਰਥ:–*** ਸਾਹਮਣਿਓਂ ਸ਼ਸਤਰ ਵਰ੍ਹਦੇ ਹਨ। (ਮਹਿਖੁਆਸੁ) ਵੱਡੇ ਧਨੁਸ਼ (ਕਰਖੇ) ਖਿੱਚਦੇ ਹਨ। ਤੀਰਾਂ ਦੀ ਮਾਰ ਕਰਦੇ ਹਨ। ਲਹੂ ਦੀਆਂ (ਧਾਰੰ) ਨਦੀਆਂ ਚੱਲਦੀਆਂ ਹਨ॥੨੨॥੯੯॥

---

ਆਉਂਦੇ ਹਨ। ਏਸ ਤੋਂ ਪਤਾ ਲੱਗਦਾ ਹੈ ਕਿ 'ਭਰੇ ਲੋਹ ਕ੍ਰੋਹੰ'॥ ਛਕੇ ਸੂਰ ਸੋਹੰ॥' ਪਾਠ ਸੀ, ਜਿਸ ਦਾ ਅਰਥ 'ਜੰਗ ਦੇ ਗੁੱਸੇ ਨਾਲ ਭਰ ਕੇ (ਛਕੇ) ਭਰਪੂਰ ਹੋਏ ਹੋਏ ਯੋਧੇ ਸੋਹੰਦੇ ਨੇ' ਹੈ। ਗਣਾਂ ਅਨੁਕੂਲ ਲਿਖਤ ਕਰਨੀ ਤਾਂ ਮੇਰੀ ਬੁੱਧੀ ਵਿੱਚ ਠੀਕ ਹੈ ਪਰੰਤੂ 'ਕਿਸੇ ਅੱਖਰ ਦੀ ਥਾਂ ਹੋਰ ਅੱਖਰ ਬੀੜ ਦੀ ਗਵਾਹੀ ਬਿਨਾਂ ਨਹੀਂ ਪਾਉਣਾ' ਇਹ ਮੇਰੇ ਮਨ ਵਿੱਚ ਪਹਿਲਾਂ ਤੋਂ ਹੀ ਵੱਸਿਆ ਹੋਇਆ ਸੰਸਕਾਰ ਹੈ, ਜਿਸ ਤੋਂ ਮੂਲ ਦੇ ਸੁਧਾਰਨ ਤੋਂ ਕਾਫ਼ੀ ਸੰਕੁਚਿਤ ਹਾਂ।

**ਨਦੀ ਸ੍ਰੋਣ ਪੂਰੰ॥ ਫਿਰੀ ਗੈਣ ਹੂਰੰ॥**
**ਗਜੈ ਗੈਣ ਕਾਲੀ॥ ਹਸੀ ਖੱਪਰਾਲੀ॥੨੩॥੧੦੦॥**

***ਭਾਵਾਰਥ:-*** ਲਹੂ ਦੀ ਨਦੀ (ਪੂਰੰ) ਭਰ ਗਈ। (ਗੈਣ) ਆਕਾਸ਼ ਵਿੱਚ ਹੂਰਾਂ ਫਿਰੀਆਂ। ਆਕਾਸ਼ ਵਿੱਚ ਕਾਲਿਕਾ ਗੱਜਦੀ ਹੈ। ਖੱਪਰ ਵਾਲੀ ਕਾਲਿਕਾ (ਹਸਿ) ਖੁਸ਼ ਹੋਈ ਭਾਵ ਕਿ ਉਸ ਨੂੰ ਲਹੂ ਰੂਪ ਮਨਭਾਉਂਦਾ ਪੇਅ (ਪੀਣ ਵਾਲਾ ਪਦਾਰਥ) ਮਿਲਿਆ॥੨੩॥੧੦੦॥

**ਕਹੂੰ ਬਾਜਿ ਮਾਰੇ॥ ਕਹੂੰ ਸੂਰ ਭਾਰੇ॥**
**ਕਹੂੰ ਚਰਮ ਟੂਟੇ॥ ਫਿਰੈਂ ਗੱਜ ਫੂਟੇ॥੨੪॥੧੦੧॥**

***ਭਾਵਾਰਥ:-*** ਕਿਤੇ (ਬਾਜਿ) ਘੋੜੇ ਮਾਰੇ ਪਏ ਹਨ, ਕਿਤੇ ਭਾਰੀ ਯੋਧੇ ਮਾਰੇ ਗਏ ਹਨ। ਕਿਤੇ ਟੁੱਟੀਆਂ ਪਈਆਂ (ਚਰਮ) ਢਾਲਾਂ ਹਨ। ਕਿਤੇ (ਫੂਟੇ) ਮਹਾਵਤ ਤੋਂ ਅਲੱਗ ਹੋਏ ਆਪ ਮੁਹਾਰੀ ਹਾਥੀ ਹਨ॥੨੪॥੧੦੧॥

**ਕਹੂੰ ਬਰਮ ਬੇਧੇ॥ ਕਹੂੰ ਚਰਮ ਛੇਦੇ॥**
**ਕਹੂੰ ਤੀਰ ਪਰਮੰ॥ ਕਟੇ ਬਾਜਿ ਬਰਮੰ॥੨੫॥੧੦੨॥**

***ਭਾਵਾਰਥ:-*** ਕਿਤੇ (ਬੇਧੇ) ਵਿੰਨ੍ਹੀਆਂ ਭਾਵ ਪਾਟੀਆਂ ਹੋਈਆਂ (ਬਰਮ) ਸੰਜੋਆਂ ਹਨ। ਕਿਤੇ (ਛੇਦੇ) ਛੇਕ ਹੋਈਆਂ (ਚਰਮ) ਢਾਲਾਂ ਹਨ। ਕਿਤੇ (ਪਰਮ ਬਾਜਿ) ਉੱਤਮ ਘੋੜੇ ਅਤੇ (ਪਰਮ ਬਰਮੰ) ਉੱਤਮ ਸੰਜੋਆਂ-ਤੀਰਾਂ ਨਾਲ ਕੱਟੇ ਹੋਏ ਹਨ॥੨੫॥੧੦੨॥

**ਬਲੀ ਬੈਰ ਰੁੱਝੇ॥ ਸਮੂਹ ਸਾਰ ਝੁੱਝੇ॥**
**ਲਖੇ ਬੀਰ ਖੇਤੰ॥ ਨਚੇ ਭੂਤ ਪ੍ਰੇਤੰ॥੨੬॥੧੦੩॥**

***ਭਾਵਾਰਥ:-*** (ਬਲੀ) ਯੋਧੇ ਵੈਰ ਵਿੱਚ ਰੁੱਝ ਗਏ। (ਸਾਰ) ਸ਼ਸਤਰਾਂ ਦੇ ਸਾਹਮਣੇ ਆ ਕੇ (ਝੁੱਝੇ) ਮਰਦੇ ਹਨ। (ਬੀਰ ਖੇਤੰ) ਮੈਦਾਨੇ ਜੰਗ ਨੂੰ ਵੇਖ ਕੇ ਭੂਤ ਪ੍ਰੇਤ ਨੱਚਦੇ ਹਨ॥੨੬॥॥੧੦੩॥

**ਨਚੇ ਮਾਸਹਾਰੀ॥ ਹਸੇ ਬਯੋਮ ਚਾਰੀ॥**
**ਕਿਲੰਕਾਰ ਕੰਕੰ॥ ਮੱਚੇ ਬੀਰ ਬੰਕੰ॥੨੭॥੧੦੪॥**

***ਭਾਵਾਰਥ:-*** (ਮਾਸ ਅਹਾਰੀ) ਭੂਤ ਪ੍ਰੇਤ ਨੱਚੇ। (ਬਯੋਮ ਚਾਰੀ) ਆਕਾਸ਼ਾਂ ਵਿੱਚ ਫਿਰਨ ਵਾਲੇ ਪੰਛੀ ਭਾਵ ਗਿਰਝਾਂ, ਇੱਲਾਂ ਆਦਿ ਵੀ ਹੱਸਦੇ ਹਨ। (ਕੰਕੰ) ਚਿੱਟੀਆਂ ਇੱਲਾਂ (ਕਾਂਵਾਂ) ਵਾਂਗ ਕਿਲਕਾਰਾਂ ਮਾਰ ਕੇ, (ਬੰਕੰ) ਸੋਹਣੇ ਯੋਧੇ (ਮਚੇ) ਲੜਦੇ ਹਨ॥੨੭॥੧੦੪॥

**ਛੁਭੇ ਛੱਤ੍ਰ ਧਾਰੀ॥ ਮਹਿਖੁਆਸ ਚਾਰੀ॥**
**ਉਠੇ ਛਿੱਛ ਇੱਛੰ॥ ਚਲੇ ਤੀਰ ਤਿੱਛੰ॥੨੮॥੧੦੫॥**

***ਭਾਵਾਰਥ:–*** (ਮਹਿਖੁਆਸ) ਵੱਡਿਆਂ ਧਨੁਸ਼ਾਂ ਨੂੰ (ਚਾਰੀ) ਚੜ੍ਹਾ ਕੇ (ਛਤ੍ਰਧਾਰੀ) ਯੋਧੇ (ਛੁਭੇ) ਗੁੱਸੇ ਵਿੱਚ ਭਰ ਗਏ। (ਛਿੱਛ) ਖਿਝ ਦੇ (ਇੱਛੰ) ਪ੍ਰਭਾਵ ਨਾਲ ਉੱਠਦੇ ਹਨ। ਤਿੱਖੇ ਤੀਰ ਚੱਲਦੇ ਹਨ॥੨੮॥੧੦੫॥

**ਗਣੰ ਗਾਂਧ੍ਰਬੇਯੰ[੧]॥ ਚਰੰ ਚਾਰਣੇਯੰ॥**
**ਹਸੇ ਸਿੱਧ ਸਿੱਧੰ॥ ਮਚੇ ਬੀਰ ਕ੍ਰੁੱਧੰ॥੨੯॥੧੦੬॥**

***ਭਾਵਾਰਥ:–*** (ਗਣੰ) ਦੇਵਤੇ ਅਤੇ (ਗਾਂਧ੍ਰਬੇਅੰ) ਗੰਧਰਵ ਜਾਂ ਦੇਵਤਿਆਂ ਦੇ ਗਵੱਯੇ। ਚਾਰਨ (ਭੱਟ) ਦਾ (ਚਰੰ) ਆਚਰਣ ਕਰਨ ਵਾਲੇ ਅਤੇ (ਸਿੱਧ) ਪੂਰਨ ਸਿੱਧ ਹੱਸਦੇ ਹਨ। ਯੋਧੇ ਕ੍ਰੋਧ ਨਾਲ ਲੜਦੇ ਹਨ॥੨੯॥੧੦੬॥

**ਡਕਾ ਡੱਕ ਡਾਕੈਂ॥ ਹੱਕਾ ਹੱਕ ਹਾਕੈਂ॥**
**ਭਕਾ ਭੁੰਕ ਭੇਰੀ॥ ਡਮਕ ਡਾਮ ਡੇਰੀ॥੩ú॥੧੦੭॥**

***ਭਾਵਾਰਥ:–*** (ਡਕਾ ਡੱਕ) ਰੱਜਿਆਂ ਵਾਂਗ (ਡਾਕੈ) ਡਕਾਰਦੇ ਹਨ। ਲਲਕਾਰੇ ਤੇ ਲਲਕਾਰੇ ਮਾਰਦੇ ਹਨ। (ਭੇਰੀ) ਨਗਾਰੇ (ਭਕਾ ਭੁੰਕ) ਵੱਜਦੇ ਹਨ (ਡਮਕ) ਡੌਰੂ ਡਮਡਮ ਦੀ ਆਵਾਜ਼ ਕਰਦੇ ਹਨ॥੩੦॥੧੦੭॥

**ਮਹਾ ਬੀਰ ਗਾਜੇ॥ ਨਵੰ ਨਾਦ ਬਾਜੇ॥**
**ਧਰਾ ਗੋਮ ਗੱਜੇ॥ ਦ੍ਰੁਗਾ ਦੈਤਜ ਬੱਜੇ॥੩੧॥੧੦੮॥**

***ਭਾਵਾਰਥ:–*** ਮਹਾਨ ਸੂਰਵੀਰ ਗੱਜ ਪਏ। ਨਵੇਂ (ਨਾਦ) ਸੰਖ ਵੱਜਦੇ ਹਨ। ਧਰਤੀ ਤੇ (ਭਾਵ– ਸਾਰੇ ਹੀ) (ਗੋਮ) ਰਣ ਸਿੰਘੇ ਗੱਜ ਪਏ। ਦੁਰਗਾ ਅਤੇ ਦੈਂਤ (ਬੱਜੇ) ਲੜ ਪਏ॥੩੧॥੧੦੮॥

**ਬਿਜੈ ਛੰਦ॥**
**ਜੇਤਕ ਬਾਣ ਚਲੇ ਅਰਿ ਓਰ ਤੇ ਫੂਲ ਕੀ ਮਾਲ ਹ੍ਵੈ ਕੰਠ ਬਿਰਾਜੇ॥**
**ਦਾਨਵ ਪੁੰਗਵ ਪੇਖ ਅਚੰਭਵ ਛੋਡ ਭਜੇ ਰਣ ਏਕ ਨ ਗਾਜੇ॥**
**ਕੁੰਜਰ ਪੁੰਜ ਗਿਰੇ ਤਿਹ ਠਉਰ ਭਰੇ ਸਭ ਸ੍ਰੋਣਤ ਪੈਗ ਨ ਤਾਜੇ॥**
**ਜਾਨੁਕ ਨੀਰਧ ਮਧਜ ਛਪੇ ਭ੍ਰੂਮਿ ਭੂਧਰ ਕੇ ਭਯ ਤੇ ਨਗ ਭਾਜੇ॥੩੨॥੧੦੯॥**

***ਭਾਵਾਰਥ:–*** (ਅਰਿ) ਵੈਰੀ ਸ੍ਰੋਣਤ ਵੀਰਜ ਦੀ ਤਰਫ਼ ਤੋਂ ਜਿੰਨੇ ਕੁ ਤੀਰ ਚੱਲੇ ਸਨ ਉਹ ਸਾਰੇ ਦੁਰਗਾ ਦੇ ਗਲ ਵਿੱਚ ਫੁੱਲਾਂ ਦੀ ਮਾਲਾ ਹੋ ਕੇ (ਬਿਰਾਜੇ) ਸ਼ੋਭਨੀਕ ਹੋਏ। (ਏਕ) ਕਈ (ਪੁੰਗਵ) ਬਲੀ ਦੈਂਤ (ਅਚੰਭਵ) ਅਸਚਰਜ ਨੂੰ ਵੇਖ ਕੇ ਜੰਗ ਛੱਡ ਕੇ ਭੱਜ ਪਏ ਅਤੇ ਗੱਜ ਨਾ ਸਕੇ। ਓਸ ਥਾਂ ਮੈਦਾਨ ਜੰਗ ਵਿੱਚ (ਪੁੰਜ) ਬਹੁਤ ਸਾਰੇ (ਕੁੰਜਰ) ਹਾਥੀ (ਸ੍ਰੋਣਤ) ਲਹੂ ਨਾਲ ਭਰੇ ਹੋਏ ਡਿੱਗੇ ਹੋਏ (ਪੈਗ)

---

[੧] ਭਾਈ ਜਵਾਹਰ ਸਿੰਘ ਭਾਈ ਕ੍ਰਿਪਾਲ ਸਿੰਘ ਅੰਮ੍ਰਿਤਸਰ ਵਾਲਿਆਂ ਦੀਆਂ ਛਾਪੀਆਂ ਸੈਂਚੀਆਂ ਵਿੱਚ 'ਗਾਂਧ੍ਰੰਬੇਯੰ' ਛਪਿਆ ਹੋਇਆ ਅਸ਼ੁੱਧ ਹੈ, ਵੇਖੋ ਸਫ਼ਾ ੧੦੭।

ਕਦਮ ਵੀ ਨਹੀਂ (ਤਾਜੇ) ਉਠਾ ਸਕੇ। (ਜਾਨੁਕ) ਮਾਨੋ ਕਿ (ਭੂਧਰ) ਇੰਦਰ ਦੇ ਡਰ ਨਾਲ ਦੌੜੇ ਹੋਏ (ਨਗ) ਪਹਾੜ (ਭ੍ਰਮਿਤ) ਚੱਕਰ ਖਾ ਕੇ (ਨੀਰਧਿ) ਸਾਗਰ ਵਿੱਚ ਲੁਕੇ ਹੋਏ ਹਨ॥੩੨॥੧੦੯॥

**ਮਨੋਹਰ ਛੰਦ[੧]॥**

**ਸ੍ਰੀ ਜਗਨਾਥ ਕਮਾਨ ਲੈ ਹਾਥ ਪ੍ਰਮਾਥਿਨਿ ਸੰਗ ਸ੍ਰਜਯੋ ਜਬ ਜੁੱਧੰ॥**
**ਗਾਹਤ ਸੈਣ ਸੰਘਾਰਤ ਸੂਰ ਬਬੱਕਤਿ ਸਿੰਘ ਭ੍ਰਮਯੋ ਰਣ ਕ੍ਰੁੱਧੰ॥**
**ਕੌਚਹ ਭੇਦ ਅਭੇਦਿਤ ਅੰਗ ਸੁਰੰਗ ਉਤੰਗ ਸੋ ਸੋਭਿਤ ਸੁੱਧੰ॥**
**ਮਾਨੋ ਬਿਸਾਲ ਬੜਵਾਨਲ ਜ੍ਵਾਲ ਸਮੁਦ੍ਰ ਕੇ ਮਧਜ ਬਿਰਾਜਤਿ ਉਧੰ॥੩੩॥੧੧੦॥**

***ਭਾਵਾਰਥ:–*** ਸ੍ਰੀ (ਜਗਨਾਥ) ਦੁਰਗਾ ਨੇ ਹੱਥ ਵਿੱਚ ਕਮਾਨ ਫੜ੍ਹ ਕੇ (ਪ੍ਰਮਾਥਿਨਿ) ਦੁਖਦਾਇਕਾਂ (ਦੈਂਤਾਂ) ਨਾਲ ਜਦੋਂ ਜੰਗ (ਸ੍ਰਜਯੋ) ਰਚਿਆ। ਉਦੋਂ ਜੰਗ ਵਿੱਚ ਕ੍ਰੋਧਿਤ ਹੋਇਆ, ਗੱਜਦਾ ਹੋਇਆ ਹੀ (ਭ੍ਰਮਯੋ) ਫਿਰਿਆ। (ਅਭੇਦਿਤ ਅੰਗ) ਨਾ ਵਿੰਨ੍ਹੇ ਜਾਣ ਵਾਲੇ ਸਰੀਰਾਂ ਭਾਵ ਦੈਂਤਾਂ ਦੀਆਂ (ਕਉਚਹ) ਸੰਜੋਆਂ ਨੂੰ (ਭੇਦ) ਵਿੰਨ੍ਹ ਕੇ (ਸੁਰੰਗ ਉਤੰਗ) ਚੰਗੇ ਆਨੰਦ (ਸੁ) ਨਾਲ (ਸੁੱਧੰ) ਨਿਰੋਲ (ਇਕੱਲਾ) ਹੀ ਸੋਹੰਦਾ ਹੈ। ਮਾਨੋ ਕਿ ਵੱਡੀ (ਬੜਵਾ) ਅੱਗ ਦੀ ਲਾਟ (ਉੱਧੰ) ਉੱਚੀ ਸਮੁੰਦਰ ਦੇ ਵਿੱਚ (ਬਿਰਾਜਹਿ) ਚਮਕਦੀ ਹੈ॥੩੩॥੧੧੦॥

**ਬਿਜੈ ਛੰਦ॥**

**ਪੂਰਿ ਰਹੀ ਭਵ ਭੂਰਿ ਧਨੁਰ ਧੁਨਿ ਧੂਰ ਉਡੀ ਨਭ ਮੰਡਲ ਛਾਯੋ॥**
**ਨੂਰ ਭਰੇ ਮੁਖ ਮਾਰ ਗਿਰੇ ਰਣ ਹੂਰਨ ਹੇਰਿ ਹਿਯੋ ਹੁਲਸਾਯੋ॥**
**ਪੂਰਨ ਰੋਸ ਭਰੇ ਅਰਿ ਤੂਰਣ ਪੂਰਿ ਪਰੇ ਰਣ ਭੂਮਿ ਸੁਹਾਯੋ॥**
**ਚੂਰ ਭਏ ਅਰਿ ਰੂਰੇ ਗਿਰੇ ਭਟ ਚੂਰਣ ਜਾਨੁਕ ਬੈਦ ਬਨਾਯੋ॥੩੪॥੧੧੧॥**

***ਭਾਵਾਰਥ:–*** (ਭੂਰਿ) ਸਾਰੇ (ਭਵ) ਸੰਸਾਰ ਵਿੱਚ ਧਨੁਸ਼ਾਂ ਦੀ (ਧੁਨਿ) ਆਵਾਜ਼ (ਪੂਰ) ਭਰ ਰਹੀ ਸੀ ਅਤੇ ਧੂੜ ਐਸੀ ਉੱਡੀ ਕਿ (ਨਭ) ਆਕਾਸ਼ ਮੰਡਲ (ਛਾਯੋ) ਢੱਕਿਆ ਗਿਆ ਸੀ। (ਨੂਰ ਭਰੇ ਮੁਖ) ਜਿਨ੍ਹਾਂ ਦੇ ਮੂੰਹ ਸੋਹੰਦੇ ਸਨ ਭਾਵ ਸੂਰਬੀਰ, ਜੋ ਜੰਗ ਵਿੱਚ ਦੂਜਿਆਂ ਨੂੰ ਮਾਰ ਕੇ ਡਿੱਗੇ ਹੋਏ ਸਨ ਉਨ੍ਹਾਂ ਨੂੰ ਵੇਖ ਕੇ ਹੂਰਾਂ ਦਾ ਹਿਰਦਾ (ਹੁਲਸਾਯੋ) ਖੁਸ਼ ਹੋ ਗਿਆ। (ਅਰਿ) ਪੂਰੇ ਗੁੱਸੇ ਨਾਲ ਭਰੇ ਹੋਇਆਂ ਦੇ (ਤੂਰਣ) ਤੁਰੰਤ ਹੀ (ਪੂਰਿ) ਪਾਰ ਲੰਘ ਗਏ ਸਨ। ਜਿਨ੍ਹਾਂ ਤੋਂ (ਰਣ ਭੂਮਿ) ਮੈਦਾਨ ਜੰਗ ਸੋਹਣਾ ਬਣਿਆ ਹੋਇਆ ਸੀ। (ਰੂਰ) ਸੁੰਦਰ (ਅਰਿ) ਵੈਰੀ (ਭਟ) ਯੋਧੇ (ਚੂਰ) ਚਕਨਾਚੂਰ ਹੋਏ ਹੋਏ ਗਿਰੇ ਪਏ ਸਨ, ਮਾਨੋ ਕਿ ਕਿਸੇ ਵੈਦ ਨੇ ਚੂਰਨ ਬਣਾਇਆ ਹੈ॥੩੪॥੧੧੧॥

---

[੧] ਵਿਜਯ ਅਤੇ ਮਨੋਹਰ ਸਵੈਯੇ ਹੈ ਹੀ ਛੰਦ, ਜਿਸ ਦੇ ਭਗਣ ਅਤੇ ਅੰਤ ਦੋ ਗੁਰੁ ਹੋਣ, ਲਿਖਾਰੀਆਂ ਦੀਆਂ ਭੁੱਲਾਂ ਨਾਲ ਕੁਝ ਮਾਤ੍ਰਿਕ ਫ਼ਰਕ ਵੀ ਜ਼ਰੂਰ ਹੈ ਯਥਾ:– 'ਮਾਨੋ ਬਿਸਾਲ ਬਿੜਵਾਨਲ ਜ੍ਵਾਲ' ਇਸ ਦੇ 'ਇੰਦਵ' ਅਤੇ 'ਮਾਲਤੀ' ਨਾਮ ਵੀ ਛੰਦ ਗ੍ਰੰਥਾਂ ਵਿੱਚ ਆਏ ਹੋਏ ਹਨ।

**ਸੰਗੀਤ[੧] ਭੁਜੰਗ ਪ੍ਰਯਾਤ ਛੰਦ॥**

**ਕਾਗੜਦੰਗ ਕਾਤੀ ਕਟਾਰੀ ਕੜਾਕੰ॥ ਤਾਗੜਦੰਗ ਤੀਰੰ ਤੁਪੱਕੰ ਤੜਾਕੰ॥**

**ਝਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ॥ ਗਾਗੜਦੰਗ ਗਾਜੀ ਮਹਾ ਗੱਜ ਗਾਜੇ॥੩੫॥੧੧੨॥**

***ਭਾਵਾਰਥ:-*** (ਕਾਗੜਦੰਗ) ਆਵਾਜ਼ ਨਾਲ (ਕਾਤੀ) ਤਲਵਾਰਾਂ ਅਤੇ ਕਟਾਰਾਂ ਕੜਕੀਆਂ। (ਤਾਗੜਦੰਗ) ਆਵਾਜ਼ ਨਾਲ ਤੀਰਾਂ ਅਤੇ (ਤੁਪੱਕੰ) ਬੰਦੂਕਾਂ ਭਾਵ ਤੋਪਾਂ (ਤੜਾਕੰ) ਤਿੜਕੀਆਂ ਭਾਵ ਦਾਣੇ ਭੁੱਜਣ ਵਾਂਗ ਬੋਲੀਆਂ। (ਝਾਗੜਦੰਗ ਨਾਗੜਦੰਗ) ਝਨ ਝਨ ਸ਼ਬਦ (ਬਾਗੜਦੰਗ) ਨਾਲ (ਬਾਜੇ) ਵਜੰਤ੍ਰ। (ਅਤੇ) (ਗਾਗੜਦੰਗ) ਸ਼ਬਦਾਂ ਦੀ ਮਹਾਨ (ਗੱਜ) ਗਰਜਨਾ ਨਾਲ (ਗਾਜੀ) ਯੋਧੇ ਗੱਜੇ॥੩੫॥੧੧੨॥

**ਸਾਗੜਦੰਗ ਸੂਰੰ ਕਾਗੜਦੰਗ ਕੋਪੰ॥ ਪਾਗੜਦੰਗ ਪਰਮੰ ਰਣੰ ਪਾਵ ਰੋਪੰ॥**

**ਸਾਗੜਦੰਗ ਸਸਤ੍ਰੰ ਝਾਗੜਦੰਗ ਝਾਰੈਂ॥ ਬਾਗੜਦੰਗ ਬੀਰੰ ਡਾਗੜਦੰਗ ਡਕਾਰੈਂ॥੩੬॥੧੧੩॥**

***ਭਾਵਾਰਥ:-*** ਸੂਰਮੇ ਕ੍ਰੋਧ ਨਾਲ ਆਵਾਜ਼ ਕਰਕੇ ਗਰਜੇ। (ਪਰਮੰ) ਮਹਾਨ ਜੰਗ ਵਿੱਚ ਪੈਰ (ਰੋਪੰ) ਟਿਕਾਏ। ਸ਼ਸਤਰ (ਝਾਰੈ) ਮਾਰਦੇ ਹਨ। ਯੋਧੇ (ਡਕਾਰੈਂ) ਗੱਜਦੇ ਹਨ॥੩੬॥੧੧੩॥

**ਚਾਗੜਦੰਗ ਚੌਪੇ ਬਾਗੜਦੰਗ ਬੀਰੰ॥ ਮਾਗੜਦੰਗ ਮਾਰੇ ਤਨੰ ਤਿੱਛ ਤੀਰੰ॥**

---

੧ 'ਸੰਗੀਤ' ਸ਼ਬਦ ਨੂੰ ਸ੍ਰੀ ਗੁਰੂ ਗੋਬੰਦ ਸਿੰਘ ਜੀ ਦੀ ਰਚਨਾ ਵਿੱਚ ਕਈਆਂ ਛੰਦਾਂ ਦੇ ਨਾਲ ਲਿਖਿਆ ਹੋਇਆ ਹੈ। ਗਣ ਪ੍ਰਸਤਾਰ ਚੰਦ੍ਰਿਕਾ, ਗਣ ਪ੍ਰਸਤਾਰ ਆਦਿਕ ਪਿੰਗਲ ਗ੍ਰੰਥਾਂ ਵਿੱਚੋਂ 'ਸੰਗੀਤ' ਨਾਲ ਮਿਲਾ ਕੇ ਕਿਸੇ ਛੰਦ ਦਾ ਲੇਖ ਨਹੀਂ ਮਿਲਦਾ। ਪਰ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਭੁਜੰਗ ਪ੍ਰਯਾਤ, ਪਧਿਸ੍ਰਕਾ, ਪਾਧੜੀ, ਬਹੜਾ, ਛਪਯ ਅਤੇ ਨਰਾਜ ਆਦਿਕ ਛੰਦਾਂ ਨਾਲ ਵੀ ਸੰਗੀਤ ਸ਼ਬਦ ਲਿਖਿਆ ਹੋਇਆ ਅਤੇ 'ਕਾਗੜਦੰਗ' ਆਦਿਕ ਪ੍ਰਤਿਧ੍ਵਨਿਤ ਸ਼ਬਦਾਂ ਦਾ ਮੇਲ ਕੀਤਾ ਹੋਇਆ ਮਿਲਦਾ ਹੈ। 'ਪਿੰਗਲ' ਦਾ ਅਰਥ 'ਲੂਲ੍ਹਾ, ਪੈਰਾਂ ਤੋਂ ਬਿਨਾਂ' ਹੈ। ਪਿੰਗਲ ਦੇ ਨਿਯਮ ਅਨੁਸਾਰ ਛੰਦ ਦੇ ਚਰਨ ਖ਼ਾਸ ਨਿਯਮ ਵਿੱਚ ਬੱਝੇ ਹੋਏ ਹਨ, ਉਹ ਮਾਤ੍ਰਿਕ ਹਿਸਾਬ ਤੋਂ ਲਾਂਭੇ ਨਹੀਂ ਹੋ ਸਕਦੇ। ਸੰਗੀਤ ਅਨੁਸਾਰ ਸ੍ਵਰ ਪ੍ਰਸਤਾਰ ਹ੍ਰਸਵ, ਦੀਰਘ ਅਤੇ ਪਲੁਤ ਅਰਥਾਤ ਗਣ, ਦੁਗਣ, ਤਿਗਣ ਅਤੇ ਚੌਗਣ ਤੋਂ ਵੀ ਵੱਧ ਹੋ ਸਕਦਾ ਹੈ, ਪਿੰਗਲਾਂ ਵਿਚ 'ਪਲੁਤ' ਨੂੰ  ਏਸੇ ਵਾਸਤੇ ਹੀ ਸਵੀਕਾਰ ਨਹੀਂ ਕੀਤਾ। ਭਾਵੇਂ ਪਿੰਗਲ ਅਤੇ ਸੰਗੀਤ ਦੋਵੇਂ ਲੈਅ ਬੱਧ ਨਿਯਮ ਹਨ ਪਰ ਪਿੰਗਲ ਦਾ ਆਰੰਭ ਮ੍ਰਿਦੰਗ ਦਿਆਂ ਠੇਕਿਆਂ ਤੋਂ ਹੋਇਆ ਹੈ। ਨ੍ਰਿਤ ਦੀਆਂ ਮਾਤ੍ਰਾਵਾਂ ਹੀ ਪਿੰਗਲ ਦੀ ਉਤਪਤੀ ਦਾ ਮੂਲ ਹਨ, ਇਨ੍ਹਾਂ ਰਾਹੀਂ ਹੀ ਪੈਰਾਂ ਨਾਲ ਘੁੰਘਰੂ ਬੰਨ੍ਹ ਕੇ ਠੇਕਿਆਂ ਦੇ ਅਨੁਰੂਪ ਨੂੰ ਮੂਰਤੀਮਾਨ ਕੀਤਾ ਜਾਂਦਾ ਹੈ। ਉਨ੍ਹਾਂ ਠੇਕਿਆਂ ਦੀਆਂ ਮਾਤ੍ਰਾਵਾਂ ਦਾ ਰੂਪ ਹੀ ਪਿੰਗਲ ਸ਼ਾਸਤਰ ਹੈ। ਠੇਕਿਆਂ ਨੂੰ ਸ੍ਵਰ ਪ੍ਰਸਤਾਰ ਨਾਲ ਗਣ, ਦੁਗਣ, ਤਿਗਣ ਆਦਿਕ ਕ੍ਰਿਆ ਨਾਲ ਪੂਰਨ ਰੱਖਣਾ ਸੰਗੀਤ ਸ਼ਾਸ਼ਤਰ ਹੈ। ਮ੍ਰਿਦੰਗ ਅਤੇ ਤਾਨਪੂਰਾ, ਸਿਤਾਰ, ਤਾਊਸ਼ (ਮੋਰ ਬੇਨੁ) ਰਬਾਬ ਆਦਿ ਵਾਜਿਆਂ ਦਾਸੰਗੀਤ ਨਾਲ ਪਰਮ ਸੰਬੰਧ ਹੈ, ਭਾਵੇਂ ਸੰਗੀਤਕਾਰਾਂ ਨੇ ਮ੍ਰਿਦੰਗ ਨੂੰ ਅੱਧਾ ਵਾਜਾ ਸਵੀਕਾਰ ਕੀਤਾ ਹੈ, ਏਸ ਵਾਸਤੇ ਖੱਬੇ ਹੱਥ ਬਿਠਾਉਂਦੇ ਹਨ। ਤਾਰ ਅਤੇ ਕੈਂਸੀਆਂ ਪੂਰਨ ਵਾਜੇ ਮੰਨਦੇ ਹਨ। ਸੰਗੀਤਾਨੁਸਾਰ ੧. ਏਕਹਸ੍ਤ ੨. ਦਿਹਸ੍ਤ ੩. ਕੁਡਜਾਘਾਤ (ਡੰਕੇ ਨਾਲ ਵਜਾਉਣ ਵਾਲੇ) ੪. ਧਨੁਰਾਕਰਸ਼ (ਗਜ ਨਾਲ ਵਜਾਉਣ ਵਾਲੇ) ੫. ਹੂਤਕਾਰ (ਮੂੰਹ ਦੀ ਫੂਕ ਨਾਲ ਵਜਾਉਣ ਵਾਲੇ) ੬. ਬਹੁਰੰਗੀਕ (ਮਾਰ ਕੇ ਵਜਾਉਣ ਵਾਲੇ, ਖੜਤਾਲ ਆਦਿਕ) ਛੇ ਤਰ੍ਹਾਂ ਦੇ ਵਾਜੇ ਮੰਨਦੇ ਹਨ। ਪੰਜ ਵਾਜੇ ੧ ਤਤ ੨. ਵ੍ਰਿਤ ੩. ਘਨ ੪. ਨਾਦ ੫. ਸੁਖਿਰ ਵੀ ਲਿਖੇ ਹੋਏ ਹਨ। ਇਹਨਾਂ ਵਿੱਚੋਂ ਦਿਹਸ੍ਤ ਅਤੇ ਵ੍ਰਿਤ ਦਾ ਲੱਛਣ ਤਬਲੇ ਮ੍ਰਿਦੰਗ ਆਦਿਕਾਂ ਦਾ ਹੈ। ਮ੍ਰਿਦੰਗ ਦੀਆਂ ਧ੍ਵਨੀਆਂ ਹੀ 'ਕਾਗੜਦੰਗ' ਆਦਿਕ ਹਨ। ਸੰਪ੍ਰਦਾਇਕ 'ਕਾਗੜਦੰਗ' ਦਾ ਅਰਥ 'ਕ ਦੇ ਅੱਗੇ' ਆਦਿਕ ਕਰਦੇ ਹਨ। ਇਹਨਾਂ ਧ੍ਵਨੀਆਂ ਨਾਲ ਸੰਬੰਧਿਤ ਛੰਦ ਹੀ 'ਸੰਗੀਤ' ਸੰਗਿਆ ਵਾਲੇ ਹਨ।

**ਗਾਗੜਦੰਗ ਗੱਜੇ ਸੁ ਬੱਜੇ ਗਹੀਰੈਂ॥ ਕਾਗੜਦੰਗ ਕਵਿਯਾਨ ਕੱਥੇ ਕਥੀਰੈਂ॥੩੭॥੧੧੪॥**

***ਭਾਵਾਰਥ:–*** ਯੋਧੇ (ਚੌਪੇ) ਖੁਸ਼ ਹੋਏ (ਚਿੜੇ)। ਤਿੱਖੇ ਤੀਰ (ਤਨੰ) ਖਿੱਚ ਕੇ ਮਾਰਦੇ ਹਨ। (ਗਹੀਰ) ਅਹਿਲ ਯੋਧੇ ਗੱਜਦੇ ਹਨ ਅਤੇ ਲੜਦੇ ਹਨ। ਕਵੀਆਂ ਨੇ (ਕਥੀਰੈਂ) ਸਾਕਿਆਂ ਨੂੰ ਕਿਹਾ॥੩੭॥੧੧੪॥

**ਦਾਗੜਦੰਗ ਦਾਨੋ ਭਾਗੜਦੰਗ ਭਾਜੇ॥ ਗਾਗੜਦੰਗ ਗਾਜੀ ਜਾਗੜਦੰਗ ਗਾਜੇ॥**
**ਛਾਗੜਦੰਗ ਛੌਹੀ ਛੁਰੇਪ੍ਰੇ ਛੜਾਕੇ॥ ਤਾਗੜਦੰਗ ਤੀਰੰ ਤੁਪੱਕੰ ਤੜਾਕੇ॥੩੮॥੧੧੫॥**

***ਭਾਵਾਰਥ:–*** ਦੈਂਤ ਭੱਜ ਗਏ। (ਗਾਜੀ) ਯੋਧੇ ਗੱਜ ਉੱਠੇ। ਛਵੀਆਂ (ਛੁਰੁਪ੍ਰੇ) ਛੁਰੇ (ਛੜਾਕੇ) ਚੱਲੇ। ਤੀਰ ਅਤੇ (ਤਪੱਕੰ) ਬੰਦੂਕਾਂ (ਤੜਾਕੇ) ਕੜਕੇ॥੩੮॥੧੧੫॥

**ਗਾਗੜਦੰਗ ਗੋਮਾਯ ਗੱਜੇ ਗਹੀਰੰ॥ ਸਾਗੜਦੰਗ ਸੰਖੰ ਨਾਗੜ ਦੰਗ ਨਫੀਰੰ॥**
**ਬਾਗੜਦੰਗ ਬਾਜੇ ਬੱਜੇ ਬੀਰ ਖੇਤੰ॥ ਨਾਗੜਦੰਗ ਨਾਚੇ ਸੁ ਭੂਤੰ ਪਰੇਤੰ॥੩੯॥੧੧੬॥**

***ਭਾਵਾਰਥ:–*** (ਗੋਮਾਯ) ਰਣ ਸਿੰਘੇ (ਗਹੀਰੰ) ਬੜੀ ਅਤਿਅੰਤ ਆਵਾਜ਼ ਵਿੱਚ ਗੱਜੇ। ਸੰਖ ਅਤੇ ਨਫ਼ੀਰੀਆਂ (ਆਦਿਕ)। ਵਾਜੇ ਬੀਰ (ਰਸ) ਵਾਲੇ (ਖੇਤੰ) ਮੈਦਾਨ ਵਿੱਚ ਵੱਜੇ। ਭੂਤ ਪ੍ਰੇਤ ਨੱਚੇ॥੩੯॥੧੧੬॥

**ਤਾਗੜਦੰਗ ਤੀਰੰ ਬਾਗੜਦੰਗ ਬਾਣੰ॥ ਕਾਗੜਦੰਗ ਕਾਤੀ ਕਟਾਰੀ ਕ੍ਰਿਪਾਣੰ॥**
**ਨਾਗੜਦੰਗ ਨਾਦੰ ਬਾਗੜਦੰਗ ਬਾਜੇ॥ ਸਾਗੜਦੰਗ ਸੂਰੰ ਰਾਗੜਦੰਗ ਰਾਜੇ॥੪੦॥੧੧੭॥**

***ਭਾਵਾਰਥ:–*** ਤੀਰ, ਬਾਣ, ਕਾਤੀਆਂ, ਕਟਾਰਾਂ ਅਤੇ ਕ੍ਰਿਪਾਨਾਂ ਚੱਲੀਆਂ। (ਨਾਦੰ) ਵਾਜੇ ਵੱਜੇ, ਯੋਧੇ (ਰਾਜੇ) ਚਮਕੇ॥੪੦॥੧੧੭॥

**ਸਾਗੜਦੰਗ ਸੰਖੰ ਨਾਗੜਦੰਗ ਨਫੀਰੰ[੧]॥ ਗਾਗੜਦੰਗ ਗੋਮਾਯ ਗੱਜੇ ਗਹੀਰੰ[੧]॥**
**ਨਾਗੜਦੰਗ ਨਗਾਰੇ ਬਾਗੜਦੰਗ ਬਾਜੇ॥ ਜਾਗੜਦੰਗ ਜੋਧਾ ਗਾਗੜਦੰਗ ਗਾਜੇ॥੪੧॥੧੧੮॥**

***ਭਾਵਾਰਥ:–*** ਸੰਖ ਨਫ਼ੀਰੀਆਂ, (ਗੋਮਾਯ) ਰਣ ਸਿੰਘੇ ਆਦਿਕ ਵਾਜੇ (ਗਹੀਰੰ) ਗੰਭੀਰ ਅਰਥਾਤ ਧ੍ਵਨੀਆਂ ਨਾਲ ਵੱਜੇ। ਨਗਾਰੇ ਵੀ ਵੱਜੇ ਅਤੇ ਸੂਰਮੇ ਗੱਜੇ॥੪੧॥੧੧੮॥

**ਨਰਾਜ ਛੰਦ॥**

**ਜਿਤੇਕ ਰੂਪ ਧਾਰਿਯੰ॥ ਤਿਤੇਕ ਦੇਬਿ ਮਾਰਿਯੰ॥**
**ਜਿਤੇਕ ਰੂਪ ਧਾਰਹੀਂ॥ ਤਿਤਜੋਂ ਦ੍ਰੁਗਾ ਸੰਘਾਰਹੀਂ॥੪੨॥੧੧੯॥**

---

[੧] ਇਹ ਦੋਵੇਂ ਤੁੱਕਾਂ ਅੱਗੇ ਪਿੱਛੇ ਹੋ ਕੇ ਅੰਗ ੩੯॥੧੧੬॥ ਵਿੱਚ ਵੀ ਆ ਚੁੱਕੀਆਂ ਹਨ, ਜਿਸ ਤੋਂ ਏਸ ਥਾਂ ਸ਼ੋਭਦੀਆਂ ਨਹੀਂ। ਮੇਰੀ ਵਿਚਾਰ ਅਨੁਸਾਰ ਏਥੇ ਕੋਈ ਹੋਰ ਪਾਠ ਸੀ, ਸੋ ਲਿਖਾਰੀ ਦੀ ਭੁੱਲ ਨਾਲ ਬਦਲਿਆ ਹੋਇਆ ਹੈ, ਅਜੇ ਹੋਰ ਖੋਜ ਦੀ ਲੋੜ ਹੈ।

***ਭਾਵਾਰਥ:–*** (ਪਹਿਲੋਂ ਸ੍ਰੋਣਤ ਵੀਰਜ ਨੇ) ਜਿੰਨੇ ਕੁ (ਰੂਪ) ਸਰੀਰ ਧਾਰੇ ਸਨ, ਦੇਵੀ ਨੇ ਓਨੇ ਕੁ ਹੀ ਮਾਰ ਦਿੱਤੇ ਸਨ। (ਹੁਣ ਸ੍ਰੋਣਤ ਵੀਰਜ) ਜਿੰਨੇ ਕੁ ਰੂਪ ਧਾਰਦਾ ਹੈ, ਦੁਰਗਾ ਓਨਿਆਂ ਨੂੰ ਹੀ ਮਾਰਦੀ ਜਾ ਰਹੀ ਹੈ॥੪੨॥੧੧੯॥

**ਜਿਤੇਕ ਸਸਤ੍ਰ ਵਾ ਝਰੇ॥ ਪ੍ਰਵਾਹ ਸ੍ਰੋਨ ਕੇ ਪਰੇ॥**
**ਜਿਤੀਕਿ ਬਿੰਦੁਕਾ ਗਿਰੈਂ॥ ਸੁ ਪਾਨ ਕਾਲਿਕਾ ਕਰੈਂ॥੪੩॥੧੨੦॥**

***ਭਾਵਾਰਥ:–*** ਜਿੰਨੇ ਕੁ ਸ਼ਸਤਰ (ਝਾਰੇ) ਵਰ੍ਹਦੇ ਹਨ। (ਓਨੇ ਹੀ) ਲਹੂ ਦੇ (ਪ੍ਰਵਾਹ) ਪ੍ਰਨਾਲੇ (ਪਰੇ) ਹੋ ਪੈਂਦੇ ਹਨ। ਜਿੰਨੀਆਂ ਕੁ ਬੂੰਦਾਂ ਡਿਗਦੀਆਂ ਹਨ, ਉਹ ਕਾਲਿਕਾ (ਪਾਨ ਕਰੈਂ) ਪੀ ਜਾਂਦੀ ਹੈ॥੪੩॥੧੨੦॥

**ਰਸਾਵਲ ਛੰਦ॥**

**ਹੂਓ ਸ੍ਰੋਣ ਹੀਨੰ॥ ਭਯੋ ਅੰਗ ਛੀਨੰ॥**
**ਗਿਰਯੋ ਅੰਤ ਝੂਮੰ॥ ਮਨੋ ਮੇਘ ਭੂਮੰ॥੪੪॥੧੨੧॥**

***ਭਾਵਾਰਥ:–*** (ਸ੍ਰੋਣਤ ਵੀਰਜ) ਲਹੂ ਤੋਂ (ਹੀਨੰ) ਬਿਨਾਂ ਹੋ ਗਿਆ। ਜਿਸ ਤੋਂ (ਅੰਗ) ਸਰੀਰ (ਛੀਨੰ) ਕਮਜ਼ੋਰ ਹੋ ਗਿਆ। ਆਖਰ (ਝੂਮੰ) ਘੁਮਰੇੜੀ ਖਾ ਕੇ ਡਿੱਗ ਪਿਆ, ਮਾਨੋ ਕਿ (ਮੇਘ) ਬੱਦਲ (ਕਾਲੇ ਰੰਗਾਂ ਵਾਲਾ) ਜ਼ਮੀਨ 'ਤੇ ਡਿੱਗਾ ਹੈ॥੪੪॥੧੨੧॥

**ਸਬੈ ਦੇਵ ਹਰਖੇ॥ ਸੁਮਨ ਧਾਰ ਬਰਖੇ॥**
**ਰਕਤਬਿੰਦ ਮਾਰੇ॥ ਸਬੈ ਸੰਤ ਉਬਾਰੇ॥੪੫॥੧੨੨॥**

***ਭਾਵਾਰਥ:–*** ਸਾਰੇ ਦੇਵਤੇ ਖੁਸ਼ ਹੋ ਗਏ ਤੇ (ਸੁਮਨ) ਫੁੱਲਾਂ ਦਾ ਮੀਂਹ ਵਰਸਾਉਣ ਲੱਗ ਪਏ ਕਿਉਂਕਿ ਰਕਤ ਬਿੰਦੁ ਮਾਰਿਆ ਗਿਆ ਸੀ ਅਤੇ ਸਾਰੇ ਹੀ (ਸੰਤ) ਸ਼ਾਂਤਜਾਤਮ (ਦੇਵਤੇ) (ਉਬਰੇ) ਬਚਾਏ ਗਏ ਸਨ॥੪੫॥੧੨੨॥

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਰਕਤ ਬੀਰਜ ਬਧਹ ਚਤੁਰਥ ਧਯਾਯ ਸੰਪੂਰਣ ਮਸਤੁ ਸੁਭ ਮਸਤੁ ॥੪॥ਅਫਜੂ॥**

***ਭਾਵਾਰਥ:–*** ਏਥੇ ਸੋਹਣੇ ਬਚਿਤ੍ਰ ਨਾਟਕ ਗ੍ਰੰਥ ਦੇ ਚੰਡੀ ਚਰਿਤ੍ਰ ਵਿੱਚੋਂ ਸ੍ਰੋਣਤ ਵੀਰਜ ਦੇ ਮਾਰੇ ਜਾਣ ਵਾਲਾ ਚੌਥਾ ਅਧਿਆਇ ਸਮਾਪਤ ਹੋਇਆ ਹੈ, ਸ਼ੁਭ ਹੈ[੧]॥੪॥ਹੋਰ...॥

**ਅਥ ਨਿਸੁੰਭ ਜੁੱਧ ਕਥਨੰ॥**

***ਭਾਵਾਰਥ:–*** ਹੁਣ ਨਿਸੰਭ (ਸੁੰਭ ਦੇ ਭਰਾ, ਮੁਖ ਮੰਤਰੀ) ਦਾ ਜੰਗ ਕਹਿੰਦੇ ਹਾਂ।

---

[੧] ਭਾਈ ਜਵਾਹਰ ਸਿੰਘ ਭਾਈ ਕ੍ਰਿਪਾਲ ਸਿੰਘ ਜੀ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਜੀ ਦੀਆਂ ਛਾਪੀਆਂ ਹੋਈਆਂ ਸੈਂਚੀਆਂ ਵਿੱਚ '੪' ਅੰਗ ਨਹੀਂ ਹੈ, ਵੇਖੋ ਸਫ਼ਾ ੧੦੯॥

**ਦੋਹਰਾ॥**
**ਸੁੰਭ ਨਿਸੁੰਭ ਸੁਣਯੋ ਜਬੈ ਰਕਤ ਬੀਰਜ ਕੋ ਨਾਸ॥**
**ਆਪ ਚੜਤ ਭੇ ਜੋਰ ਦਲ[1] ਸਜੇ ਪਰਸੁ ਅਰੁ ਪਾਸੁ॥੧॥੧੨੩॥**

ਭਾਵਾਰਥ :– ਜਦੋਂ (ਰਕਤ ਬੀਰਜ) ਸ੍ਰੋਣਤ ਵੀਰਜ ਦਾ ਨਾਸ ਹੋਣਾ ਸੁੰਭ ਅਤੇ ਨਿਸੁੰਭ ਨੇ ਸੁਣਿਆ। ਤਾਂ (ਦਲ) ਫ਼ੌਜ ਨੂੰ (ਜੋਰ) ਇਕੱਠਿਆਂ ਕਰ ਕੇ (ਪਰਸੁ) ਕੁਹਾੜੇ ਅਤੇ (ਪਾਸ) ਕਮੰਦਾ ਸਾਜ ਕੇ ਆਪ ਚੜ੍ਹ ਪਏ॥੧॥੧੨੩॥

**ਭੁਜੰਗ ਪ੍ਰਯਾਤ ਛੰਦ॥**
**ਚੜੇ ਸੁੰਭ ਨੈਸੁੰਭ ਸੂਰਾ ਅਪਾਰੰ॥ ਉਠੇ ਨੱਦ ਨਾਦੰ ਸੁ ਧਉਸਾ ਧੁਕਾਰੰ॥**
**ਭਈ ਅਸਟ ਸੈ ਕੋਸ ਲੌ ਛਤ੍ਰ ਛਾਯੰ॥ ਭਜੇ ਚੰਦ੍ਰ ਸੂਰੰ ਡਰਯੋ ਦੇਵਰਾਯੰ॥੨॥੧੨੪॥**
***ਭਾਵਾਰਥ:–*** (ਅਪਾਰੰ) ਮਹਾਨ ਯੋਧੇ ਸੁੰਭ ਅਤੇ ਨਿਸੁੰਭ ਜੰਗ ਨੂੰ ਚੜ੍ਹ ਪਏ। (ਨੱਦ) ਵਾਜਿਆਂ ਦੇ (ਨਾਦੰ) ਸ਼ਬਦ ਅਤੇ ਧੌਂਸਿਆਂ ਦੀਆਂ (ਧੁਕਾਰੰ) ਆਵਾਜ਼ਾਂ (ਉਠੇ) ਪ੍ਰਗਟੀਆਂ। ਸੁੰਭ ਅਤੇ ਨਿਸੁੰਭ ਉੱਤੇ ਅੱਠ ਸੌ ਕੋਹਾਂ ਤੱਕ ਛਤ੍ਰ ਦੀ ਛਾਇਆ ਹੋਈ। ਚੰਦ੍ਰਮਾ, ਸੂਰਜ ਅਤੇ (ਦੇਵਰਾਯੰ) ਇੰਦਰ ਵੀ ਡਰ ਕੇ ਭੱਜ ਗਏ॥੨॥੧੨੪॥

**ਭਕਾ ਭੁੰਕ ਭੇਰੀ ਢਕਾ ਢੁੰਕ ਢੋਲੰ॥ ਫਟੀ ਨਖ ਸਿੰਘੰ ਮੁਖੰ ਡੱਢ ਕੋਲੰ॥**
**ਡਮਾ ਡੱਮਿ ਡੌਰੂ ਡਕਾ ਡੁੱਕ ਡੰਕੰ॥ ਰੜੇ ਗ੍ਰਿੱਧ ਬ੍ਰਿੱਧੰ ਕਿਲੱਕਾਰ ਕੰਕੰ॥੩॥੧੨੫॥**
***ਭਾਵਾਰਥ:–*** (ਭੇਰੀ) ਨਗਾਰੇ (ਭਕਾ ਭੁੱਕ) ਸ਼ਬਦ ਨਾਲ ਬੋਲੇ, ਢੋਲ (ਢਕਾ ਢੁੱਕ) ਸ਼ਬਦਾਂ ਨਾਲ ਵੱਜੇ। ਸ਼ੇਰ ਦੇ ਨਹੁੰਆਂ (ਦੀ ਕਤਾਰ) ਫਟ ਗਈ ਭਾਵ ਦੁਰਗਾ ਦਾ ਸ਼ੇਰ ਕ੍ਰੋਧਵਾਨ ਹੋ ਗਿਆ ਅਤੇ ਧਰਤੀ ਨੂੰ ਚੁੱਕਣ ਵਾਲੇ (ਕੋਲੰ) ਵਾਰਾਹ ਅਵਤਾਰ ਦੀ (ਡੱਢ) ਦਾੜ ਮੂੰਹ 'ਚੋਂ ਨਿਕਲੀ ਹੋਈ ਨੇ ਵਿਖਾਈ ਦਿੱਤੀ [2]। ਡਉਰੀ (ਡਮਾ ਡੱਮ) ਸ਼ਬਦਾਂ ਨਾਲ ਵੱਜੇ, (ਡੰਕੰ) ਨਗਾਰੇ (ਡਕਾ ਡੱਕ) ਸ਼ਬਦਾਂ ਨਾਲ ਵੱਜੇ।

---

[1] ਭਾਈ ਜਵਾਹਰ ਸਿੰਘ ਭਾਈ ਕ੍ਰਿਪਾਲ ਸਿੰਘ ਜੀ ਦੀਆਂ ਛਾਪੀਆਂ ਹੋਈਆਂ ਸੈਂਚੀਆਂ ਵਿੱਚ 'ਰਲ' ਅਸ਼ੁੱਧ ਪਾਠ ਛਪਿਆ ਹੋਇਆ ਹੈ, ਵੇਖੋ ਸਫ਼ਾ ੧੦੯॥

[2] 'ਫਟੀ ਨਖ ਸਿੰਘੰ ਮੁਖੰ ਡੱਢ ਕੋਲੰ' ਪਾਠ ਵਿੱਚ ਸ਼ੱਕ ਹੈ ਕਿ ਇਹ ਸ਼ੁੱਧ ਨਹੀਂ ਹੈ ਕਿਉਂਕਿ ਏਓਂ ਪ੍ਰਭਰਣ ਜੰਗੀ ਵਾਜਿਆਂ ਦਾ ਹੈ ਪਰ ਅਜੇ ਏਸ ਤੋਂ ਬਿਨਾਂ ਹੋਰ ਪਾਠ ਅਸੀਂ ਲੱਭ ਨਹੀਂ ਸਕੇ ਹਾਂ, ਜਿਸ ਤੋਂ ਏਸ ਦੇ ਹੋਰ ਵੀ ਭਾਵਾਰਥ ਲਿਖਦੇ ਹਾਂ– ੧. (ਮਾਨੋ ਕਿ) (ਨਖ ਸਿੰਘੰ) ਬਾਘ ਨਖੇ (ਸ਼ਸਤਰਾਂ) ਨੂੰ ਵੇਖ ਕੇ (ਕੋਲੰ) ਵਾਰਾਹ ਅਵਤਾਰ ਦੀ ਦਾੜ ਫਟ ਗਈ ਹੈ। ੨. (ਮਾਨੋ ਕਿ) (ਦੁਰਗਾ ਦੇ) ਸ਼ੇਰ ਦੀ (ਨ+ਅੱਖ) ਅੱਖ ਨਹੀਂ ਫਟੀ ਅਤੇ ਵਾਰਾਹ ਦੇ ਮੂੰਹ ਦੀ ਦਾੜ ਫਟ ਗਈ ਹੈ। ੩. (ਸੁੰਭ ਨਿਸੁੰਭ ਦੇ ਦਲ ਦੀਆਂ ਤਲਵਾਰਾਂ ਇਓਂ ਚਮਕਦੀਆਂ ਹਨ ਮਾਨੋ ਕਿ) ਸ਼ੇਰ ਦੀ (ਨਖ) ਨਹੁੰਦਰ ਪਾਟੀ ਹੋਈ ਹੈ ਅਥਵਾ ਸੂਰਾਂ ਦੇ ਮੂੰਹ ਦੀਆਂ ਦਾੜ੍ਹਾਂ ਹਨ। ੪. ਨਹੁੰਦਰ ਦੇ ਪਾਟਣ ਤੋਂ ਜਿਵੇਂ ਸ਼ੇਰ ਦਹਾੜਦਾ ਹੈ ਅਥਵਾ ਸੂਰ (ਜ਼ਖ਼ਮੀ ਹੋਣ ਤੋਂ) ਮੂੰਹ (ਡੱਢ) ਟੱਡਦਾ ਹੈ (ਤਿਵੇਂ ਯੋਧੇ ਜ਼ਖ਼ਮੀ ਹੋਣ ਤੋਂ ਮੂੰਹ ਟੱਡਦੇ ਹਨ)। ੫. (ਸਿੰਘ) ਰਣਸਿੰਗੇ ਫਟੀ ਆਵਾਜ਼ ਨਾਲ (ਨਖ) ਬੋਲਦੇ ਹਨ ਅਤੇ (ਕੋਲੰ) ਪਾਸ ਹੀ ਢੱਢਾਂ ਮੂੰਹੋਂ ਬੋਲਦੀਆਂ ਹਨ।

(ਬ੍ਰਿਧੰ) ਵੱਡੀਆਂ ਗਿਰਝਾਂ (ਰੜੇ) ਬੋਲਦੀਆਂ ਅਤੇ (ਕੰਕੰ) ਚਿੱਟੀਆਂ ਇੱਲਾਂ ਕਿਲਕਾਰੀਆਂ ਮਾਰਦੀਆਂ ਸਨ॥੩॥੧੨੫॥

**ਖੁਰੰ ਖੇਹ ਉੱਠੀ ਰਹਯੋ ਗੈਨ ਪੂਰੰ॥ ਦਲੇ ਸਿੰਧ ਬਿੰਧੰ ਭਏ ਪੱਬ ਚੂਰੰ॥**
**ਸੁਣਯੋ ਸੋਰ ਕਾਲੀ ਗਹੇ ਸਸਤ੍ਰ ਪਾਣੰ॥ ਕਿਲੱਕਾਰ ਜੋਮੀ ਹਨੇ ਜੰਗ ਜ੍ਵਾਣੰ॥੪॥੧੨੬॥**

***ਭਾਵਾਰਥ:–*** ਘੋੜਿਆਂ ਦੇ ਖੁਰਾਂ ਦੀ (ਖੇਹ) ਧੂੜ ਉੱਠੀ ਜਿਸ ਨਾਲ (ਗੈਣ) ਆਕਾਸ਼ ਭਰ ਰਿਹਾ ਸੀ। (ਸਿੰਧ) ਸਮੁੰਦਰ ਅਤੇ ਬਿਧਿਆਂਚਲ ਵੀ (ਦਲੇ) ਮਲੇ ਗਏ ਅਤੇ (ਹੋਰ) (ਪੱਬ) ਪਹਾੜ ਵੀ (ਚੂਰੰ) ਚੂਰ ਹੋ ਗਏ। ਕਾਲੀ ਦੁਰਗਾ ਨੇ ਰੌਲਾ ਸੁਣਿਆਂ ਤਾਂ ਹੱਥਾਂ ਵਿੱਚ ਸ਼ਸਤਰ ਫੜ ਲਏ। ਜੰਗ ਵਿੱਚ (ਹਨੇ) ਮਰੇ ਹੋਏ ਜੁਆਨਾਂ ਨੂੰ (ਕਿਲੱਕਾਰ) ਕਿਲਕਾਰੀਆਂ ਮਾਰਨ ਵਾਲੀਆਂ (ਇੱਲਾਂ, ਗਿਰਝਾਂ) (ਜੋਮੀ) ਖਾਣ ਲੱਗ ਪਈਆਂ॥੪॥੧੨੬॥

**ਰਸਾਵਲ ਛੰਦ॥**

**ਗਜੇ ਬੀਰ ਗਾਜੀ॥ ਤੁਰੇ ਤੁੰਦ ਤਾਜੀ॥**
**ਮਹਿਖੁਆਸ ਕਰਖੇ॥ ਸਰੰ ਧਾਰ ਬਰਖੇ॥੫॥੧੨੭॥**

***ਭਾਵਾਰਥ:–*** ਯੋਧੇ ਸੂਰਵੀਰ ਗੱਜੇ। (ਤਾਜੀ) ਘੋੜੇ (ਤੁੰਦ) ਤੇਜ਼ ਚਾਲ ਨਾਲ ਚੱਲੇ। ਮਹਿਖੁਆਸ ਧਨੁਸ਼ (ਕਰਖੇ) ਖਿੱਚੇ ਅਤੇ ਲਗਾਤਾਰ ਤੀਰ ਵਰ੍ਹ ਪਏ॥੫॥੧੨੭॥

**ਇਤੈ ਸਿੰਘ ਗਜਯੋ॥ ਮਹਾ ਸੰਖ ਬਜਯੋ॥**
**ਰਹਯੋ ਨਾਦ ਪੂਰੰ॥ ਛੁਹੀ ਗੈਣਿ ਧੂਰੰ॥੬॥੧੨੮॥**

***ਭਾਵਾਰਥ:–*** ਏਧਰ ਸ਼ੇਰ ਗੱਜਿਆ ਅਤੇ ਵੱਡਾ ਸੰਖ ਵੱਜਿਆ। (ਨਾਦ) ਆਵਾਜ਼ ਹੀ (ਪੂਰੰ) ਵਿਆਪ ਰਹੀ ਸੀ। ਆਕਾਸ਼ ਨੂੰ ਧੂੜ੍ਹ ਛੂਹ ਰਹੀ ਸੀ॥੬॥੧੨੮॥

**ਸਬੈ ਸਸਤ੍ਰ ਸਾਜੇ॥ ਘਣੰ ਜੇਮ ਗਾਜੇ॥**
**ਚਲੇ ਤੇਜ ਤੈ ਕੈ॥ ਅਨੰਤ ਸਸਤ੍ਰ ਲੈ ਕੈ॥੭॥੧੨੯॥**

***ਭਾਵਾਰਥ:–*** ਸਾਰੇ ਦੈਂਤ ਸ਼ਸਤਰ ਸਜਾ ਕੇ, ਬੱਦਲ ਵਾਂਗ ਗੱਜੇ। (ਤੈ) ਕ੍ਰੋਧ ਕਰਕੇ (ਤੇਜ) ਤ੍ਰਿਖੇ ਤੁਰੇ। ਬੇਅੰਤ ਸ਼ਸਤਰਾਂ ਨੂੰ ਲੈ ਕੇ॥੭॥੧੨੯॥

**ਚਹੂੰ ਓਰ ਢੂਕੇ॥ ਮੁਖੰ ਮਾਰ ਕੂਕੇ॥**
**ਅਨੰਤ ਸਸਤ੍ਰ ਬੱਜੇ॥ ਮਹਾ ਬੀਰ ਗੱਜੇ॥੮॥੧੩੦॥**

***ਭਾਵਾਰਥ:–*** ਮੂੰਹੋਂ ਮਾਰੋ ਮਾਰ ਕੂਕਦੇ ਹੋਏ ਚਹੁੰਆਂ ਪਾਸਿਆਂ ਤੋਂ ਆ ਢੁੱਕੇ। ਬੇਅੰਤ ਸ਼ਸਤਰ (ਬੱਜੇ) ਚੱਲੇ, ਮਹਾਨ ਸੂਰਮੇ ਗੱਜ ਪਏ॥੮॥੧੩੦॥

**ਮੁਖੰ ਨੈਣ ਰਕਤੰ॥ ਧਰੇ ਪਾਣ ਸਕਤੰ॥**

**ਕਿਯੇ ਕ੍ਰੋਧ ਉੱਠੇ॥ ਸਰੰ ਬ੍ਰਿਸ੍ਰਿ ਬੁੱਠੇ॥੯॥੧੩੧॥**

***ਭਾਵਾਰਥ:–*** ਮੂੰਹ ਅਤੇ ਅੱਖਾਂ ਗੁੱਸੇ ਨਾਲ (ਰਕਤੰ) ਲਾਲ ਕੀਤੀਆਂ ਹੋਈਆਂ ਹਨ, ਹੱਥਾਂ ਵਿੱਚ (ਸਕਤੰ) ਬਰਛੀਆਂ (ਧਰੇ) ਫੜ੍ਹੀਆਂ ਹੋਈਆਂ ਹਨ। ਕ੍ਰੋਧ ਕਰਕੇ ਉੱਠ ਖਲੋਤੇ, ਤੀਰਾਂ (ਬ੍ਰਿਸ੍ਰਿ) ਦੀ ਵਰਖਾ (ਬੁੱਠੇ) ਵਰ੍ਹਦੀ ਹੈ॥੯॥੧੩੧॥

**ਕਿਤੇ ਦੁਸਟ ਕੂਟੇ॥ ਅਨੰਤਾਸਤ੍ਰ ਛੂਟੇ॥**
**ਕਰੀ ਬਾਣ ਬਰਖੰ॥ ਭਰੀ ਦੇਬਿ ਹਰਖੰ॥੧੦॥੧੩੨॥**

***ਭਾਵਾਰਥ:–*** ਦੇਵੀ (ਹਰਖੰ) ਖੁਸ਼ੀ ਵਿੱਚ ਭਰੀ ਹੋਈ ਨੇ ਤੀਰਾਂ ਦੀ ਵਰਖਾ ਕੀਤੀ ਬੇਅੰਤ ਅਸਤਰ (ਛੂਟੇ) ਚੱਲੇ (ਜਿਨ੍ਹਾਂ ਨਾਲ) (ਕਿਤੇ) ਕਈ (ਦੁਸਟ) ਦੈਂਤ (ਕੂਟੇ) ਮਾਰੇ॥੧੦॥੧੩੨॥

**ਬੇਲੀ ਬਿੱਦ੍ਰਮ ਛੰਦ[੧]॥**

**ਕਹ ਕਹ ਸੁ ਕੂਕਤਿ ਕੰਕਿਯੰ॥ ਬਹ ਬਹਤ ਬੀਰ ਸੁ ਬੰਕਿਯੰ॥**
**ਲਹ ਲਹਤ ਬਾਨਿ ਕ੍ਰਿਪਾਨਿਯੰ॥ ਗਹ ਗਹਤ ਪ੍ਰੇਤ ਮਸਾਨਿਯੰ॥੧੧॥੧੩੩॥**

***ਭਾਵਾਰਥ:–*** ਕਹ ਕਹ ਦੀਆਂ ਆਵਾਜ਼ਾਂ ਨਾਲ (ਕੰਕਿਯੰ) ਇੱਲਾਂ ਕੂਕਦੀਆਂ ਹਨ। ਬਾਂਕੇ ਯੋਧੇ ਜੰਗ ਦੇ (ਬਹ) ਵਹਿਣ (ਪ੍ਰਵਾਹ) ਵਿੱਚ ਰੁੜ੍ਹੇ ਜਾਂਦੇ ਹਨ। ਤੀਰ ਅਤੇ ਤਲਵਾਰਾਂ ਲਹ ਲਹ ਕਰਦੀਆਂ ਭਾਵ ਚਮਕਦੀਆਂ ਹਨ। ਪ੍ਰੇਤ ਅਤੇ ਮਸਾਣ (ਗਹ) ਗਹਣ (ਫੜਨ) ਯੋਗ (ਪਦਾਰਥ, ਮੁਰਦੇ ਸਰੀਰਾਂ) ਨੂੰ ਫੜ੍ਹਦੇ ਹਨ॥੧੧॥੧੩੩॥

**ਡਹ ਡਹਤ ਡਵਰ ਡਮੰਕਯੰ॥ ਲਹ ਲਹਤ ਤੇਗ ਤ੍ਰਮੰਕਯੰ॥**
**ਧ੍ਰਮ ਧ੍ਰਮਤ ਸਾਂਗ ਧਮੰਕਯੰ॥ਬਬਕੰਤ ਬੀਰ ਸੁ ਬੰਕਯੰ॥੧੨॥੧੩੪॥**

***ਭਾਵਾਰਥ:–*** ਡਹ ਡਹ ਸ਼ਬਦਾਂ ਨਾਲ ਡੌਰੂ (ਡਮੰਕਯੰ) ਵੱਜਦੇ ਹਨ। ਲਹ ਲਹ ਕਰਦੀ ਹੋਈ ਤੇਗ (ਤ੍ਰਮੰਕਯੰ) ਹਿੱਲਦੀ ਹੈ। ਧੱਮ ਧੱਮ ਕਰਕੇ (ਸਾਂਗ) ਬਰਛੀ (ਧਮੰਕਯੰ) ਵੱਜਦੀ ਹੈ। ਸੁੰਦਰ ਯੋਧੇ ਗੱਜਦੇ ਹਨ॥੧੨॥੧੩੪॥

**ਛੁਟਕੰਤ ਬਾਣ ਕਮਾਣਯੰ[੨]॥ ਹਹਰੰਤ ਖੇਤ ਖਤ੍ਰਾਣਯੰ*॥**
**ਡਹਕੰਤ ਡਾਮਰ ਡਾਕਣੀ*॥ ਕਹ ਕਹਕ ਕੂਕਤ ਜੁੱਗਣੀ॥੧੩॥੧੩੫॥**

***ਭਾਵਾਰਥ:–*** ਕਮਾਨਾਂ ’ਚੋਂ ਤੀਰ ਛੁੱਟਦੇ ਹਨ। (ਖੇਤ) ਮੈਦਾਨੇ ਜੰਗ ਵਿੱਚ ਖੱਤਰੀ ਯੋਧੇ (ਹਹਰੰਤ) ਘਬਰਾ ਕੇ ਬੋਲਦੇ ਹਨ। (ਡਾਕਣੀ) ਡਾਇਣਾਂ (ਡਾਮਰ) ਡੌਰੂ (ਡਹਕੰਤ) ਵਜਾਉਂਦੀਆਂ ਹਨ। ਯੋਗਣੀਆਂ ਕਹ ਕਹ ਸ਼ਬਦਾਂ ਨਾਲ ਕੂਕਦੀਆਂ ਹਨ॥੧੩॥੧੩੫॥

---

[੧] ਏਸ ਚੰਧ ਦਾ ਲੱਛਣ ਨ.ਸ.ਸ.ਲ.ਗ. ‘IIIIISIISIS’ ਬਣਦਾ ਹੈ, ਪਰ ਅੱਗੇ ਚੱਲ ਕੇ ਇਹ ਲੱਛਣ ਪੂਰਨ ਨਹੀਂ ਰਹਿੰਦਾ।

[੨]* ਬੇਲੀ ਵਿਦ੍ਰਮ ਛੰਦ ਦਾ ਲੱਛਣ ਏਨਾਂ ਤੁਕਾ ਵਿੱਚ ਸ. ਜ. ਜ. ਗ. ‘II S I S II S I S’ ਹੋ ਗਿਆ ਹੈ, ‘ਸੰਯੁਤਾ’ ਛੰਦ ਵੀ ਏਸੇ ਦਾ ਨਾਮ ਹੈ।

**ਉਫਟੰਤ ਸ੍ਰੋਣਤ ਛਿੱਛਯੰ॥ ਬਰਖੰਤ ਸਾਇਕ ਤਿੱਛਯੰ॥**
**ਬਬਕੰਤ ਬੀਰ ਅਨੇਕਯੰ॥ ਫਿਕਰੰਤ ਸਿਆਰ ਬਿਸੇਖਯੰ॥੧੪॥੧੩੬॥**

***ਭਾਵਾਰਥ:-*** ਲਹੂ ਦੇ (ਛਿੱਛਯੰ) ਬੁਖਾਰਾਤ (ਬੁਲਬੁਲੇ) (ਉਫਟੰਤ) ਨਿਕਲਦੇ, ਤਿੱਖੇ (ਸਾਇਕ) ਤੀਰ ਵਰ੍ਹਦੇ, ਅਨੇਕ ਯੋਧੇ ਗੱਜਦੇ ਅਤੇ (ਬਿਸੇਖਯੰ) ਬਹੁਤ (ਸਿਆਰ) ਗਿੱਦੜ (ਫਿਕਰੰਤ) ਬੋਲਦੇ ਹਨ॥੧੪॥੧੩੬॥

**ਹਰਖੰਤ ਸ੍ਰੋਣਤ ਰੰਗਣੀ॥ ਬਿਹਰੰਤ ਦੇਬਿ ਅਭੰਗਣੀ॥**
**ਬਬਕੰਤ ਕੇਹਰ ਡੋਲਹੀਂ॥ ਰਣ ਰੰਗ ਅਭੰਗ ਕਲੋਲਹੀਂ[੧]॥੧੫॥੧੩੭॥**

***ਭਾਵਾਰਥ:-*** (ਸ੍ਰੋਣਤ ਰੰਗਣੀ) ਲਹੂ ਨਾਲ ਆਨੰਦ ਮਾਨਣ ਵਾਲੀਆਂ, ਯੋਗਣੀਆਂ, ਕਾਲਿਕਾ ਆਦਿਕ ਦੇਵੀਆਂ, ਭੂਤ ਪ੍ਰੇਤ, ਇੱਲ੍ਹਾਂ, ਚੀਲ੍ਹਾਂ, ਕਾਂ, ਗਿੱਦੜ ਆਦਿਕ ਜਾਨਵਰ ਜੂਨੀਆਂ, ਖੁਸ਼ ਹੁੰਦੀਆਂ ਹਨ। (ਅਭੰਗਣੀ) ਅਮਰ ਦੇਵੀ ਫਿਰਦੀ ਹੈ। (ਯੋਧਿਆਂ ਰੂਪ) ਸ਼ੇਰ ਗੱਜਦੇ ਫਿਰਦੇ ਹਨ। (ਅਭੰਗ) ਇਕ ਰਸ ਜੰਗ ਦੇ ਆਨੰਦ ਵਿੱਚ (ਕਲੋਲਹੀਂ) ਨੱਚਦੇ ਟੱਪਦੇ ਹਨ॥੧੫॥੧੩੭॥

**ਢਮ ਢਮਤ ਢੋਲ ਢਮੱਕਯੰ॥ ਧਮ ਧਮਤ ਸਾਂਗ ਧ੍ਰਮੱਕਯੰ॥**
**ਬਹ ਬਹਤ ਕ੍ਰੁੱਧ ਕ੍ਰਿਪਾਣਯੰ॥ ਜੁਝੰਤ ਜੋਧ ਜੁਆਣਯੰ[੨]॥੧੬॥੧੩੮॥**

***ਭਾਵਾਰਥ:-*** ਢੋਲ ਢਮ ਢਮ ਕਰਦੇ ਹੋਏ (ਢਮੱਕਯੰ) ਵੱਜਦੇ ਹਨ, ਧੱਮ ਧੱਮ ਕਰਦੀਆਂ ਬਰਛੀਆਂ (ਧ੍ਰਮੱਕਯੰ) ਧੱਸ ਜਾਂਦੀਆਂ ਹਨ। ਕ੍ਰੋਧ ਨਾਲ ਤਲਵਾਰਾਂ (ਬਹ ਬਹਤ) ਚਲਦੀਆਂ ਹੀ ਚਲਦੀਆਂ ਹਨ। ਜੁਆਨ ਯੋਧੇ (ਜੁਝੰਤ) ਲੜਦੇ ਭਾਵ ਮਰਦੇ ਹਨ॥੧੬॥੧੩੮॥

**ਦੋਹਰਾ॥**
**ਭੱਜੀ ਚਮੂ ਸਬ ਦਾਨਵੀ ਸੁੰਭ ਨਿਰਖ ਨਿਜ ਨੈਣ॥**
**ਨਿਕਟ ਬਿਕਟ ਭਟ ਜੇ ਹੁਤੇ ਤਿਨ ਪ੍ਰਤਿ ਬੁਲਯੋ ਬੈਣ॥੧੭॥੧੩੯॥**

---

[੧] ਏਸ ਤੁਕ ਵਿੱਚੋਂ ਬੇਲੀ ਵਿਦ੍ਰਮ ਛੰਦ ਦਾ ਲੱਛਣ ਹੈ ਸ. ਸ. ਸ. ਲ. ਗ. ਅਰਥਾਤ 'II S II S II S I S' ਹੋ ਗਿਆ ਹੈ, ਇਹ ਪਿਛਲੇ ਦੋਹਾਂ ਲੱਛਣਾਂ ਤੋਂ ਵਿਲੱਖਣ ਹੈ।

ਨੋਟ:- ਗੁਰਬਾਣੀ ਦੇ ਗਿਆਨੀਆਂ ਨੂ ਸਦਾ ਡਰ ਰਿਹਾ ਹੈ ਕਿ ਸਾਡਾ ਕੋਈ ਹਮਲਾਵਰ ਨਾ ਹੋਵੇ, ਜਿਸ ਦੀ ਵਜ੍ਹਾ ਨਾਲ ਉਹ ਕਿਸੇ ਵੀ ਨਿਯਮ ਨੂੰ ਲਾਗੂ ਨਹੀਂ ਕਰ ਸਕੇ, ਬਲਕਿ ਅੰਵਾਣ ਲਿਖਾਰੀਆਂ ਦੀਆਂ ਭੁੱਲਾਂ ਨੂੰ ਵੀ ਛੰਦਾਂ ਲੱਛਣਾ ਵਿੱਚ ਢਾਲਦੇ ਰਹੇ ਹਨ, ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿੱਚ 'ਬੇਲੀ ਬਿਦ੍ਰਮ ਛੰਦ' ਦੇ ਦੋ ਲੱਛਣ ਤਾਂ ਲਿਖੇ ਹੋਏ ਹਨ ਪਰ ਏਸ ਤੀਜੇ ਰੂਪ ਨੂੰ ਨਹੀਂ ਲਿਖਿਆ, ਕਿਉਂਕਿ ਏਸ ਤੋਂ ਸ਼ੰਕਾ ਸਮਾਧਾਨ ਨਾਲ ਉਨ੍ਹਾਂ ਦਾ ਮਾਰਗ ਕੱਚਾ ਸਾਬਤ ਹੋ ਜਾਂਦਾ ਹੈ। ਪ੍ਰਸਤਾਰਾਨੁਸਾਰ ਇਹ ੧੫ ਮਾਤ੍ਰਿਕ ਹੋ ਕੇ ਚੌਪਈ ਦੇ ਵਿੱਚ ਜਾ ਰਲਦਾ ਹੈ, ਪਿਛਲੀਆਂ ਤੁਕਾਂ ਦੀਆਂ ੧੪-੧੪ ਮਾਤ੍ਰਾਂ ਬਣਦੀਆਂ ਹਨ।

[੨] ਏਥੋਂ ਦਾ ਰੂਪ ਉਪਰੋਕਤ ਅੱਖਰਾਂ ਅਨੁਸਾਰ ਸ਼ਸ਼ ਾਿਸ਼ ੀ ਸ਼ੀਸ਼ ਹੈ, ਜੀਹਨੂੰ 'ਹ.ਬ.ਰ.' ਕਿਹਾ ਜਾਂਦਾ ਹੈ। ਇਹ ਚੌਥਾ ਰੂਪ 'ਬੇਲੀ ਬਿਦ੍ਰਮ ਛੰਦ' ਦਾ ਸਿੱਧ ਹੋ ਗਿਆ ਹੈ

***ਭਾਵਾਰਥ:–*** ਸੁੰਭ ਆਪਣੀਆਂ ਅੱਖਾਂ ਨਾਲ ਸਾਰੀ ਦੈਂਤ ਫ਼ੌਜ ਦੌੜੀ ਜਾਂਦੀ ਨੂੰ ਵੇਖ ਕੇ, ਜੋ (ਨਿਕਟ ਬਿਕਟ) ਨੇੜੇ ਤੇੜੇ ਯੋਧੇ ਸਨ, ਉਨ੍ਹਾਂ ਨੂੰ ਬਚਨ ਬੋਲਿਆ॥੧੭॥੧੩੯॥

**ਨਰਾਜ ਛੰਦ॥**

**ਨਿਸੁੰਭ ਸੁੰਭ ਕੋਪ ਕੈ॥ ਪਠਯੋ ਸੁ ਪਾਵ ਰੋਪ ਕੈ॥**
**ਕਹਯੋ ਕਿ ਸੀਘ੍ਰ ਜਾਇਯੋ॥ ਦ੍ਰੁਗਾਹਿ ਬਾਂਧ ਲ੍ਯਾਇਯੋ॥੧੮॥੧੪੦॥**

***ਭਾਵਾਰਥ:–*** ਸੁੰਭ ਨੇ ਕ੍ਰੋਧ ਨਾਲ ਨਿਸੁੰਭ ਨੂੰ (ਫ਼ੌਜ ਦੇ) (ਪਾਵ ਰੋਪ) ਪੈਰ ਜਮਾਉਣ (ਕੈ) ਲਈ ਭੇਜਿਆ, ਕਿਹਾ ਕਿ ਛੇਤੀ ਜਾਣਾ ਅਤੇ ਦੁਰਗਾ ਨੂੰ ਬੰਨ੍ਹ ਕੇ ਲਿਆਉਣਾ॥੧੮॥੧੪੦॥

**ਚੜ੍ਯੋ ਸੁ ਸੈਣ ਸੱਜਿ ਕੈ॥ ਸ ਕੋਪ ਸੂਰ ਗੱਜਿ ਕੈ॥**
**ਉਠੇ ਬਜੰਤ੍ਰ ਬਾਜਿ ਕੈ॥ ਚਲਿਓ ਸੁਰੇਸ ਭਾਜਿ ਕੈ॥੧੯॥੧੪੧॥**

***ਭਾਵਾਰਥ:–*** (ਨਿਸੁੰਭ) ਸੈਨਾ ਸਜਾ ਕੇ ਚੜ੍ਹ ਪਿਆ, ਕ੍ਰੋਧ ਨਾਲ ਗੱਜ ਕੇ ਯੋਧਾ ਚੜ੍ਹਿਆ। ਵਾਜੇ ਵੱਜ ਉੱਠੇ। (ਜੀਹਦੇ ਡਰ ਨਾਲ) (ਸੁਰੇਸ) ਇੰਦਰ ਵੀ ਭੱਜ ਗਿਆ॥੧੯॥੧੪੧॥

**ਅਨੰਤ ਸੂਰ ਸੰਗ ਲੈ॥ ਚਲ੍ਯੋ ਸੁ ਦੁੰਦਭੀਨ ਦੈ॥**
**ਹਕਾਰ ਸੂਰਮਾ ਭਰੇ॥ ਬਿਲੋਕਿ ਦੇਵਤਾ ਡਰੇ॥੨੦॥੧੪੨॥**

***ਭਾਵਾਰਥ:–*** ਬੇਅੰਤ ਸੂਰਮਿਆਂ ਨੂੰ ਨਾਲ ਲੈ ਕੇ (ਦੁੰਦਭੀਨ) ਨਗਾਰੇ (ਦੈ) ਵਜਾ ਕੇ ਚੱਲ ਪਿਆ। ਯੋਧੇ ਅਹੰਕਾਰ ਨਾਲ ਭਰੇ ਹੋਏ ਸਨ, ਜਿਨ੍ਹਾਂ ਨੂੰ ਵੇਖ ਕੇ ਦੇਵਤੇ ਵੀ ਡਰਦੇ ਸਨ॥੨੦॥੧੪੨॥

**ਮਧੁਭਾਰ ਛੰਦ॥**

**ਕੰਪ੍ਯੋ ਸੁਰੇਸ॥ ਬੁਲ੍ਯੋ ਮਹੇਸ॥**
**ਕਿੱਨੋ ਬਿਚਾਰ॥ ਪੁੱਛੇ ਜੁਝਾਰ॥੨੧॥੧੪੩॥**

***ਭਾਵਾਰਥ:–*** ਕੰਬਦੇ ਹੋਏ (ਸੁਰੇਸ) ਇੰਦਰ ਨੇ (ਹਮੇਸ) ਸ਼ਿਵ ਨੂੰ ਬੁਲਾਇਆ। ਵਿਚਾਰ ਕੀਤਾ ਅਤੇ ਕਿਸੇ ਯੋਧੇ ਨੂੰ ਪੁੱਛਿਆ॥੨੧॥੧੪੩॥

**ਕੀਜੈ ਸੁ ਮਿਤ੍ਰ॥ ਕੌਨੇ ਚਰਿੱਤ੍ਰ॥**
**ਜਾ ਤੇ ਸੁ ਮਾਇ॥ ਜੀਤੈ ਬਨਾਇ॥੨੨॥੧੪੪॥**

***ਭਾਵਾਰਥ:–*** (ਇੰਦਰ ਬੋਲਿਆ ਕਿ) ਹੇ (ਸੁ ਮਿੱਤ੍ਰ) ਸ਼ਿਵ ! ਕਿਹੜਾ (ਚਰਿਤ੍ਰ) ਕਰਮ ਭਾਵ ਛਲ ਕਰੀਏ ਕਿ ਜਿਸ ਨਾਲ ਮਾਤਾ ਦੁਰਗਾ ਹੀ (ਬਨਾਇ) ਜਿੱਤ ਜਾਵੇ॥੨੨॥੧੪੪॥

**ਸਕਤੈ ਨਿਕਾਰ॥ ਭੇਜੋ ਅਪਾਰ॥**
**ਸਤ੍ਰੂਨ ਜਾਇ॥ ਹਨਿਹੈਂ ਰਿਸਾਇ॥੨੩॥੧੪੫॥**

***ਭਾਵਾਰਥ:–*** ਬੇਅੰਤ ਸ਼ਕਤੀਆਂ (ਕਰਾਮਾਤਾਂ) ਨੂੰ ਕੱਢ ਕੇ ਭੇਜੋ, ਜੋ (ਰਿਸਾਇ) ਗੁੱਸੇ ਨਾਲ (ਸਤ੍ਰੂਨ) ਵੈਰੀਆਂ ਨੂੰ ਜਾ ਕੇ ਮਾਰਨਗੀਆਂ॥੨੩॥੧੪੫॥

**ਸੋਇ ਕਾਮ ਕੀਨ॥ ਦੇਵਨ ਪ੍ਰਬੀਨ॥**
**ਸਕਤੈ ਨਿਕਾਰ॥ ਭੇਜੀ ਅਪਾਰ॥੨੪॥੧੪੬॥**

***ਭਾਵਾਰਥ:–*** (ਪ੍ਰਬੀਨ) ਚਤੁਰ ਦੇਵਤਿਆਂ ਨੇ ਉਹੋ ਕੰਮ ਕੀਤਾ। ਬੇਅੰਤ ਸ਼ਕਤੀਆਂ ਕੱਢ ਕੇ ਭੇਜੀਆਂ॥੨੪॥੧੪੬॥

**ਬ੍ਰਿਧ ਨਰਾਜ ਛੰਦ॥**

**ਚਲੀ ਸਕਤਿ ਸੀਘ੍ਰ ਸੀ ਕ੍ਰਿਪਾਨਿ ਪਾਨਿ ਧਾਰ ਕੈ॥**
**ਉਠੇ ਸੁ ਗ੍ਰਿੱਧ ਬ੍ਰਿੱਧ ਡਉਰ ਡਾਕਣੀ ਡਕਾਰ ਕੈ॥**
**ਹਸੇ ਸੁ ਕੰਕ ਬੰਕਯੰ ਕਬੰਧ ਅੰਧ ਉਠਹੀ॥**
**ਬਿਸੇਖ ਦੇਵਤਾਰੁ ਬੀਰ ਬਾਣ ਧਾਰ ਬੁੱਠਹੀ॥੨੫॥੧੪੭॥**

***ਭਾਵਾਰਥ:–*** (ਸੀਘ੍ਰ ਸੀ) ਕਾਹਲੀ ਨਾਲ ਸ਼ਕਤੀਆਂ ਹੱਥਾਂ ਵਿੱਚ ਤਲਵਾਰਾਂ ਫੜ੍ਹ ਕੇ ਤੁਰ ਪਈਆਂ। ਵੱਡੀਆਂ ਗਿਰਝਾਂ ਉੱਠੀਆਂ ਅਤੇ ਡਾਇਣਾਂ ਡੌਰੂ ਵਾਂਗ ਡਕਾਰ ਮਾਰ ਉੱਠ ਪਈਆਂ। (ਬੰਕਯੰ) ਸੋਹਣੇ (ਕੰਕ) ਕਾਂ ਹੱਸਦੇ ਨੇ ਕਿ (ਅੰਧ) ਅੰਨ੍ਹਿਆਂ ਭਾਵ ਦੈਂਤਾਂ ਦੇ ਸਰੀਰ ਉੱਠਦੇ ਹਨ (ਮਰਨ ਵਾਸਤੇ)। ਬਹੁਤ ਹੀ ਦੇਵਤੇ ਅਤੇ ਯੋਧੇ ਤੀਰਾਂ ਦੇ (ਧਾਰ) ਮੀਂਹ ਵਰ੍ਹਾਉਂਦੇ ਹਨ॥੨੫॥੧੪੭॥

**ਰਸਾਵਲ ਛੰਦ॥**

**ਸਬੈ ਸਕਤਿ ਐ ਕੈ॥ ਚਲੀ ਸੀਸ ਨਜੈ ਕੈ॥**
**ਮਹਾ ਅਸਤ੍ਰ ਧਾਰੇ॥ ਮਹਾ ਬੀਰ ਮਾਰੇ॥੨੬॥੧੪੮॥**

***ਭਾਵਾਰਥ:–*** ਸਾਰੀਆਂ ਸ਼ਕਤੀਆਂ ਆ ਕੇ। ਸਿਰ ਨਿਵਾ ਕੇ ਤੁਰ ਪਈਆਂ। ਵੱਡੇ ਅਸਤਰਾਂ ਨੂੰ ਫੜ੍ਹ ਕੇ, ਮਹਾਨ ਯੋਧਿਆਂ ਨੂੰ ਮਾਰਿਆ॥੨੬॥੧੪੮॥

**ਮੁਖੰ ਰਕਤ ਨੈਣੰ॥ ਬਕੈ ਬੰਕ ਬੈਣੰ॥**
**ਧਰੇ ਅਸਤ੍ਰ ਪਾਣੰ॥ ਕਟਾਰੀ ਕ੍ਰਿਪਾਣੰ॥੨੭॥੧੪੯॥**

***ਭਾਵਾਰਥ:–*** ਮੂੰਹ ਤੇ ਅੱਖਾਂ ਲਾਲ ਸਨ। (ਬੰਕ) ਵਿੰਗੇ ਬਚਨ ਬੋਲਦੀਆਂ ਸਨ। ਹੱਥਾਂ ਵਿੱਚ ਕਟਾਰਾਂ, ਤਲਵਾਰਾਂ ਅਤੇ ਅਸਤਰਾਂ ਨੂੰ ਧਾਰਿਆ ਹੋਇਆ ਸੀ॥੨੭॥੧੪੯॥

**ਉਤੇ ਦੈਤਸ ਗਾਜੇ॥ ਤੁਰੀ ਨਾਦ ਬਾਜੇ॥**
**ਧਰੇ ਚਾਰ ਚਰਮੰ॥ ਸੁਜੇ ਕ੍ਰੂਰ ਬਰਮੰ॥੨੮॥੧੫੦॥**

***ਭਾਵਾਰਥ:–*** ਓਧਰ ਦੈਂਤ ਵੀ ਗੱਜ ਉੱਠੇ। ਤੁਰਹੀਆਂ ਅਤੇ (ਨਾਦ) ਸੰਖ ਵੱਜ ਪਏ। (ਚਾਰ) ਸੋਹਣੀਆਂ (ਚਰਮੰ) ਢਾਲਾਂ ਫੜ੍ਹੀਆਂ ਹੋਈਆਂ ਸਨ ਅਤੇ (ਕ੍ਰੂਰ) ਪੱਕੀਆਂ (ਬਰਮੰ) ਸੰਜੋਆਂ (ਸੂਜੇ) ਬਣਾਈਆਂ ਹੋਈਆਂ ਸਨ॥੨੮॥੧੫੦॥

**ਚਹੂੰ ਓਰ ਗਰਜੇ॥ ਸਬੈ ਦੇਵ ਲਰਜੇ॥**
**ਛੁਟੇ ਤਿੱਛ ਤੀਰੰ॥ ਕਟੇ ਚਉਰ ਚੀਰੰ॥੨੯॥੧੫੧॥**

***ਭਾਵਾਰਥ:–*** ਚਹੁੰ ਪਾਸੀਂ ਗੱਜ ਪਏ। ਸਾਰੇ ਦੇਵਤੇ (ਲਰਜੇ) ਕੰਬ ਗਏ। ਤਿੱਖੇ ਤੀਰ ਚੱਲੇ। ਚਉਰ ਅਤੇ (ਚੀਰੰ) ਕੱਪੜੇ (ਕਟੇ) ਪਾਟ ਗਏ॥੨੯॥੧੫੧॥

**ਰਸੰ ਰੁੱਦ੍ਰ ਰੱਤੇ॥ ਮਹਾ ਤੇਜ ਤੱਤੇ॥**
**ਕਰੀ ਬਾਣ ਬਰਖੰ॥ ਭਰੀ ਦੇਬਿ ਹਰਖੰ॥੩੦॥੧੫੨॥**

***ਭਾਵਾਰਥ:–*** (ਰੁਦ੍ਰ) ਮੌਤ ਦੇ ਰਸ ਵਿੱਚ ਰੰਗੇ ਹੋਏ। ਮਹਾਂ ਕ੍ਰੋਧ ਨਾਲ ਗਰਮ ਹੋਏ ਹੋਇਆਂ ਨੇ, ਤੀਰਾਂ ਦੀ ਵਰਸ਼ਾ ਕੀਤੀ। ਦੇਵੀ ਕਾਲੀ ਖੁਸ਼ੀ ਨਾਲ ਭਰ ਗਈ॥੩੦॥੧੫੨॥

**ਇਤੇ ਦੇਬਿ ਮਾਰੇ॥ ਉਤੈ ਸਿੰਘ ਫਾਰੇ॥**
**ਗਣੰ ਗੂੜ ਗਰਜੈਂ॥ ਸਬੈ ਦੈਤਜ ਲਰਜੈਂ॥੩੧॥੧੫੩॥**

***ਭਾਵਾਰਥ:–*** ਏਧਰ ਦੇਵੀ ਦੁਰਗਾ (ਦੈਂਤਾਂ ਨੂੰ) ਮਾਰਦੀ ਹੈ, ਓਧਰ ਸ਼ੇਰ ਦੈਂਤਾਂ ਨੂੰ ਪਾੜਦਾ ਹੈ। ਦੇਵੀ ਦੇ (ਗਣੰ) ਸੇਵਕ (ਗੂੜ) ਬਹੁਤ ਗੱਜਦੇ ਹਨ। ਸਾਰੇ ਦੈਂਤ (ਲਰਜੈਂ) ਕੰਬਦੇ ਹਨ॥੩੧॥੧੫੩॥

**ਭਈ ਬਾਣ ਬਰਖਾ॥ ਗਏ ਜੀਤਿ ਕਰਖਾ॥**
**ਸਬੈ ਦੁਸਟ ਮਾਰੇ॥ ਮਯਾ ਸੰਤ ਉਬਾਰੇ॥੩੨॥੧੫੪॥**

***ਭਾਵਾਰਥ:–*** ਤੀਰਾਂ ਦੀ ਬਾਰਸ਼ ਹੋਈ। ਜਿੱਤ ਦੇ (ਕਰਖਾ) ਛੰਦ ਆਦਿਕ ਗਾਏ ਗਏ। (ਮਯਾ) ਮਾਤਾ ਨੇ ਸਾਰੇ ਦੁਸ਼ਟ ਦੈਂਤ ਮਾਰ ਦਿੱਤੇ ਅਤੇ ਦੇਵਤੇ ਬਚਾ ਲਏ॥੩੨॥੧੫੪॥

**ਨਿਸੁੰਭੰ ਸੰਘਾਰਯੋ॥ ਦਲੰ ਦੈਤਜ ਮਾਰਯੋ॥**
**ਸਬੈ ਦੁਸ੍ਰ ਭਾਜੇ॥ ਇਤੈ ਸਿੰਘ ਗਾਜੇ॥੩੩॥੧੫੫॥**

***ਭਾਵਾਰਥ:–*** ਨਿਸੁੰਭ ਨੂੰ ਮਾਰ ਦਿੱਤਾ ਅਤੇ ਦੈਂਤ ਫ਼ੌਜ ਨੂੰ ਵੀ ਮਾਰ ਦਿੱਤਾ। ਬਾਕੀ ਸਾਰੇ ਦੈਂਤ ਭੱਜ ਗਏ। ਕਿਉਂਕਿ ਏਧਰ ਸ਼ੇਰ ਗੱਜਦਾ ਸੀ॥੩੩॥੧੫੫॥

**ਭਈ ਪੁਹਪ ਬਰਖਾ॥ ਗਏ ਜੀਤਿ ਕਰਖਾ॥**
**ਜਯੰ ਸੰਤ ਜੰਪੈ॥ ਤ੍ਰਸੇ ਦੈਂਤਜ ਕੰਪੈ॥੩੪॥੧੫੬॥**

***ਭਾਵਾਰਥ:–*** (ਪੁਹਪ) ਫੁੱਲਾਂ ਦੀ ਬਾਰਸ਼ ਹੋਈ, ਜਿੱਤ ਦੇ (ਕਰਖਾ) ਛੰਦ ਗਾਏ ਗਏ। (ਸੰਤ) ਦੇਵਤੇ ਜੈ (ਸ਼ਬਦ) (ਜੰਪੈ) ਉਚਾਰਦੇ ਹਨ। ਦੈਂਤ (ਤ੍ਰਸੇ) ਡਰੇ ਹੋਏ ਕੰਬਦੇ ਹਨ॥੩੪॥੧੫੬॥

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਨਿਸੁੰਭ ਬਧਹ ਪੰਚਮੋ ਧਯਾਇ ਸੰਪੂਰਨ ਮਸਤੁ ਸੁਭ ਮਸਤੁ॥੫॥ ਅਫਜੂ॥**

***ਭਾਵਾਰਥ:–*** ਏਥੇ ਸੋਹਣੇ ਬਚਿਤ੍ਰ ਨਾਟਕ ਦੇ ਚੰਡੀ ਚਰਿਤ੍ਰ ਵਿੱਚੋਂ ਨਿਸੁੰਭ ਦੇ ਮਾਰੇ ਜਾਣ ਵਾਲਾ ਪੰਜਵਾਂ ਅਧਿਆਇ ਪੂਰਾ ਹੋਇਆ ਹੈ, ਸ਼ੁਭ ਹੈ॥੫॥ ਹੋਰ...॥

**ਅਥ ਸੁੰਭ ਜੁੱਧ ਕਥਨੰ॥**

***ਭਾਵਾਰਥ:–*** (ਗੁਰੂ ਗੋਬਿੰਦ ਸਿੰਘ ਜੀ) ਮੈਂ ਹੁਣ ਸ਼ੁੰਭ ਦਾ ਜੰਗ ਕਹਿੰਦੇ ਹਨ।

**ਭੁਜੰਗ ਪ੍ਰਯਾਤ ਛੰਦ॥**

**ਲਘੁੰ ਭ੍ਰਾਤ ਜੁਝਯੋ ਸੁਣਯੋ ਸੁੰਭ ਰਾਯੰ॥ ਸਜੇ ਸਸਤ੍ਰ ਅਸਤ੍ਰੰ ਚੜਯੋ ਚੌਪ ਚਾਯੰ॥**
**ਭਯੋ ਨਾਦ ਉਚੰ ਰਹਯੋ ਪੂਰ ਗੈਣੰ॥ ਤ੍ਰਸੇ ਦੇਵਤਾ ਦੈਤਜ ਕੰਪਯੋ ਤ੍ਰਿਨੈਣੰ॥੧॥੧੫੭॥**

***ਭਾਵਾਰਥ:–*** ਜਦੋਂ ਰਾਜੇ ਸੁੰਭ ਨੇ ਸੁਣਿਆ ਕਿ ਮੇਰਾ (ਲਘੁੰ) ਛੋਟਾ ਭਰਾ (ਸੁਝਯੋ) ਮਾਰਿਆ ਗਿਆ ਹੈ। ਤਾਂ (ਚੌਪ) ਖੁਸੀ ਅਤੇ ਚਾਅ ਨਾਲ ਅਸਤ੍ਰ ਸ਼ਸਤ੍ਰ ਸਾਜ ਕੇ ਆਪ ਸੁੰਭ ਜੰਗ ਨੂੰ ਚੜ੍ਹ ਪਿਆ। ਉੱਚੀ (ਨਾਦ) ਸ਼ਬਦ ਹੋਇਆ ਜੋ (ਗੈਣੰ) ਆਸਮਾਨ ਵਿੱਚ (ਭਾਵ– ਸਭ ਥਾਂ) ਭਰ ਰਿਹਾ ਸੀ। (ਜਿਸ ਨਾਲ) ਦੇਵਤੇ ਅਤੇ ਦੈਂਤ ਡਰ ਗਏ, (ਤ੍ਰਿਨੈਣੰ) ਸ਼ਿਵ ਵੀ ਕੰਬ ਗਿਆ॥੧॥੧੫੭॥

**ਡਰਯੋ ਚਾਰ ਬਕੱਤ੍ਰੰ ਟਰਯੋ ਦੇਵਰਾਜੰ॥ ਡਿਗੇ[੧] ਪੱਬ ਸਰਬੰ ਸ੍ਰਜੇ ਸੁਭ੍ਰ ਸਾਜੰ॥**
**ਪਰੇ ਹੂਹ ਦੈ ਕੈ ਭਰੇ ਲੋਹ ਕ੍ਰੋਹੰ॥ ਮਨੋ ਮੇਰੁ ਕੋ ਸਾਤਵੋਂ ਸ੍ਰਿੰਗ ਸੋਹੰ॥੨॥੧੫੮॥**

***ਭਾਵਾਰਥ:–*** (ਚਾਰ ਬਕਤ੍ਰੰ) ਚਹੁੰ ਮੂੰਹਾਂ ਵਾਲਾ (ਬ੍ਰਹਮਤ) ਡਰ ਗਿਆ (ਦੇਵ ਰਾਜੰ) ਇੰਦਰ ਵੀ ਆਪਣੀ ਥਾਂ ਭਾਵ ਸਿੰਘਾਸਣ ਤੋਂ ਟਲ ਗਿਆ। (ਦੈਂਤਾਂ ਦੇ ਐਹੋ ਜਿਹੇ) (ਸੁਭ੍ਰ) ਸੋਹਣੇ ਸਾਜ (ਸ੍ਰਜੇ) ਬਣਾਏ ਕਿ ਸਾਰੇ (ਪੱਬ) ਪਹਾੜ (ਡਿਗੇ) ਡੋਲ ਗਏ। (ਲੋਹ) ਲੜਾਈ ਦੇ ਕ੍ਰੋਧ ਨਾਲ ਭਰੇ ਹੋਏ (ਹੂਹ) ਧੁੱਸ (ਹੱਲਾ, ਆਵਾਜ਼) ਦੇ ਕੇ ਪੈ ਗਏ। ਮਾਨੋ ਕਿ (ਸੁੰਭ) ਸੁਮੇਰ ਦੇ ਸੱਤਵੇਂ ਟਿੱਲੇ ਵਾਂਗ ਸ਼ੋਭਦਾ ਹੈ॥੨॥੧੫੮॥

**ਸਜਯੋ ਸੈਣ ਸੁੰਭੰ ਕਿਯੋ ਨਾਦ ਉੱਚੰ॥ ਸੁਣੇ ਗਰਭਣੀਆਨ ਕੇ ਗਰਭ ਮੁਚੰ॥**
**ਪਰਯੋ ਲੋਹ ਕ੍ਰੋਹੰ ਉੱਠੀ ਸਸਤ੍ਰ ਝਾਰੰ॥ ਚਵੀ ਚਾਵਡਾ ਡਾਕਣੀਯੰ ਡਕਾਰੰ॥੩॥੧੫੯॥**

***ਭਾਵਾਰਥ:–*** ਸੁੰਭ ਨੇ ਫ਼ੌਜ ਸਜਾ ਕੇ ਉੱਚੀ (ਨਾਦ) ਧੁਨੀ ਕੀਤੀ। ਜੀਹਨੂੰ ਸੁਣ ਕੇ ਗਰਭਣੀਆਂ ਦੇ ਗਰਭ (ਮੁੱਚੰ) ਡਿੱਗ ਪਏ। (ਕ੍ਰੋਹੰ) ਗੁੱਸੇ ਨਾਲ (ਲੋਹ) ਜੰਗ (ਪਰਯੋ) ਮੱਚ ਪਿਆ, ਸ਼ਸਤਰਾਂ ਦੀ ਧਾਰ (ਝਾਰੰ) ਚਮਕ ਉੱਠ ਪਈ। (ਚਾਵਡਾ) ਇੱਲਾਂ (ਚਵੀ) ਬੋਲੀਆਂ (ਡਾਕਣੀਯੰ) ਡਾਇਣਾ (ਡਕਾਰੰ) ਬੋਲੀਆਂ॥੩॥੧੫੯॥

**ਬਹੇ ਸਸਤ੍ਰ ਅਸਤ੍ਰੰ ਕਟੇ ਚਰਮ ਬਰਮੰ॥ ਭਲੇ ਕੈ ਨਿਬਾਹਯੋ ਭਟੰ ਸ੍ਵਾਮਿ ਧਰਮੰ॥**

---

[੧] ਲਿਖਾਰੀ ਦੀ ਭੁੱਲ ਨਾਲ 'ਡਗੇ' ਦੀ ਥਾਂ 'ਡਿਗੇ' ਲਿਖਿਆ ਗਿਆ ਹੈ।

**ਉਠੀ ਕੂਹ ਜੂਹੰ ਗਿਰੇ ਚਉਰ ਚੀਰੰ॥ ਰੁਲੇ ਤੱਛ ਮੁੱਛੰ ਪਰੀ ਗੱਛ ਤੀਰੰ॥੪॥੧੯੦॥**

***ਭਾਵਾਰਥ:-*** ਸ਼ਸਤਰ ਅਸਤਰ ਚੱਲੇ, ਢਾਲਾਂ ਸੰਜੋਆਂ ਕੱਟ ਗਈਆਂ, ਯੋਧਿਆਂ ਦਾ ਮਾਲਕ ਲਈ ਜੋ ਧਰਮ ਸੀ, ਉਹ (ਯੋਧਿਆਂ ਨੇ) ਚੰਗੀ ਤਰ੍ਹਾਂ ਨਿਬਾਹਿਆ। (ਤੱਛ ਮੁਛੰ) ਕੱਟੇ ਵੱਡੇ ਹੋਏ ਰੁਲ ਗਏ, ਤੀਰ (ਗੱਛ) ਚੱਲ ਪਏ॥੪॥੧੯੦॥

**ਗਿਰੇ ਅੰਕੁਸੰ ਬਾਰੁਣੰ ਬੀਰ ਖੇਤੰ॥ ਨਚੇ ਕੰਧ ਹੀਣੰ ਕਬੰਧੰ ਅਚੇਤੰ॥**
**ਉਡੈਂ ਗ੍ਰਿਧ ਬ੍ਰਿਧੰ ਰੜੈਂ ਕੰਕ ਬੰਕੰ॥ ਭਕਾ ਭੁੰਕ ਭੇਰੀ ਡਹਾ ਡੂਹ ਡੰਕੰ॥੫॥੧੯੧॥**

***ਭਾਵਾਰਥ:-*** ਮੈਦਾਨੇ-ਜੰਗ ਵਿੱਚ (ਅੰਕੁਸੰ) ਕੁੰਡੇ (ਬਾਰੁਣੰ) ਹਾਥੀ ਅਤੇ ਯੋਧੇ ਡਿੱਗ ਪਏ। (ਕੰਧ) ਸਿਰਾਂ ਤੋਂ ਬਿਨਾਂ (ਅਚੇਤ) ਬੇਤਾਲੇ ਹੀ (ਕਬੰਧੰ) ਸਰੀਰ ਨੱਚੇ। ਵੱਡੀਆਂ ਇੱਲਾਂ ਉੱਡਦੀਆਂ ਅਤੇ (ਬੰਕੰ) ਡਰਾਉਣੀਆਂ (ਕੰਕ) ਇੱਲਾ (ਰੜੈਂ) ਬੋਲਦੀਆਂ ਹਨ। (ਭੇਰੀ) ਨਗਾਰੇ ਭਕਾ ਭੁੰਕ (ਧੁਨੀ ਨਾਲ) ਵੱਜਦੇ ਹਨ (ਡੰਕੰ) ਡੰਡਿਆਂ ਦੀ ਡਹਾ ਡੂਹ (ਦੁਨੀ) ਹੁੰਦੀ ਹੈ॥੫॥੧੯੧॥

**ਟਕਾ ਟੁੱਕ ਟੋਪੰ ਢਕਾ ਢੁੱਕ ਢਾਲੰ॥ ਤਛਾ ਮੁੱਛ ਤੇਗੰ ਬਕੈ ਬਿੱਕਰਾਲੰ॥**
**ਹਲਾ ਚਾਲ ਬੀਰੰ ਧਮਾ ਧੰਮਿ ਸਾਗੰ॥ ਪਰੀ ਹਾਲ ਹੂਲੰ ਸੁਣ੍ਯੋ ਲੋਗ ਨਾਗੰ॥੬॥੧੯੨॥**

***ਭਾਵਾਰਥ:-*** ਟੋਪਾਂ ਵਿੱਚ ਟਕਾ ਟੁਕ ਦੀ ਆਵਾਜ਼ ਨਿਕਲੀ, ਢਾਲਾਂ ਤੋਂ ਢਕਾ ਢੁੱਕ ਦੀ ਧਵਨੀ ਹੋਈ। ਤਲਵਾਰਾਂ ਨਾਲ (ਤਛਾ ਮੁੱਛ) ਕੱਟ-ਵੱਢ ਹੋਈ ਅਤੇ (ਬਿਕਰਾਲੰ) ਬੁਰੀ ਤਰ੍ਹਾਂ ਬੋਲੇ। ਯੋਧਿਆਂ ਦੀ ਹਿਲਜੁਲ, ਬਰਛੀਆਂ ਦੀ ਧਮਾ ਧੰਮੀ, (ਹਾਲ ਹੂਲੰ) ਡੰਡਰੌਲੀ ਪੈ ਗਈ (ਜੋ) ਨਾਗ ਲੋਕ (ਪਾਤਾਲ) ਤੱਕ ਵੀ ਸੁਣੀ ਗਈ॥੬॥੧੯੨॥

**ਡਕੀ ਡਾਕਣੀ ਜੋਗਣੀਯੰ ਬਿਤਾਲੰ॥ ਨਚੇ ਕੰਧ ਹੀਣੰ ਕਬੰਧੰ ਕਪਾਲੰ॥**
**ਹਸੇ ਦੇਵ ਸਰਬੰ ਰਿਸ੍ਯੋ ਦਾਨਵੇਸੰ॥ ਕਿਧੋ ਅਗਨਿ ਜ੍ਵਾਲੰ ਭਯੋ ਆਪ ਭੇਸੰ॥੭॥੧੯੩॥**

***ਭਾਵਾਰਥ:-*** (ਡਾਕਣੀ) ਡੈਣਾਂ, ਯੋਗਣੀਆਂ ਅਤੇ (ਬਿਤਾਲੰ) ਪ੍ਰੇਤ (ਡਕੀ) ਬੋਲੇ। (ਕੰਧ) ਮੇਲ (ਸੀਧਿ) ਤੋਂ ਬਿਨਾਂ ਭਾਵ ਅੱਡ-ਅੱਡ (ਕਬੰਧੰ) ਧੜ ਅਤੇ (ਕਪਾਲੰ) ਖੋਪਰ ਭਾਵ ਸਿਰ ਨੱਚੇ। ਸਾਰੇ ਦੇਵਤੇ ਪ੍ਰਸੰਨ ਹੋਏ ਕਿ ਦੈਂਤ ਰਾਜ (ਸੁੰਭ) ਕ੍ਰੋਧ ਵਿੱਚ ਆ ਗਿਆ ਹੈ ਭਾਵ ਕ੍ਰੋਧ ਦੇ ਕਾਰਨ ਹੀ ਏਨ੍ਹਾਂ ਮਾਰੇ ਜਾਣਾ ਹੈ। (ਕਿਧੋ) ਮੰਨ ਲਉ ਕਿ ਅੱਗ ਦੀ (ਜੁਆਲੰ) ਲਾਟ ਹੀ (ਆਪ) ਚੰਚਲ (ਭੇਸੰ) ਰੂਪ ਵਿੱਚ ਹੋਈ ਹੋਈ ਹੈ॥੭॥੧੯੩॥

**ਦੋਹਰਾ॥**
**ਸੁੰਭਾਸੁਰ ਜੇਤਿਕ ਅਸੁਰ ਪਠਏ ਕੋਪ ਬਢਾਇ॥**
**ਤੇ ਦੇਬੀ ਸੋਖਤ ਕਰੇ ਬੂੰਦ ਤਵਾ ਕੀ ਨਜਾਇ॥੮॥੧੯੪॥**

***ਭਾਵਾਰਥ:-*** ਸ਼ੁੰਭ ਦੈਂਤ ਨੇ ਜਿੰਨੇ ਕੁ ਦੈਂਤ ਕ੍ਰੋਧ ਨਾਲ ਭੇਜੇ ਸਨ, ਦੇਵੀ ਨੇ ਉਹ ਸਾਰੇ ਤੱਤੇ ਤਵੇ ਦੀ ਬੂੰਦ ਵਾਂਗ (ਸੋਖਤ) ਖੁਸ਼ਕ ਭਾਵ ਨਾਸ ਕਰ ਦਿੱਤੇ॥੮॥੧੯੪॥

## ਨਰਾਜ ਛੰਦ॥

**ਸੁ ਬੀਰ ਸੈਣ ਸੱਜਿ ਕੈ॥ ਚੜਯੋ ਸਕੋਪ[1] ਗੱਜਿ ਕੈ॥**
**ਚਲਯੋ ਸੁ ਸਸਤ੍ਰ ਧਾਰ ਕੈ॥ ਪੁਕਾਰ ਮਾਰ ਮਾਰ ਕੈ॥੯॥੧੬੫॥**

***ਭਾਵਾਰਥ:-*** ਮਹਾਨ ਯੋਧਾ (ਸੁੰਭ) ਫੌਜ ਸਜਾ ਕੇ (ਸਕੋਪ) ਗੁੱਸੇ ਨਾਲ ਗੱਜ ਕੇ ਚੜ੍ਹ ਪਿਆ। ਉੱਤਮ ਸ਼ਸਤਰ ਪਹਿਨ ਕੇ ਅਤੇ ਮਾਰੋ ਮਾਰ ਬੋਲ ਕੇ ਚੱਲ ਪਿਆ॥੯॥੧੬੫॥

## ਸੰਗੀਤ ਮਧੁਭਾਰ ਛੰਦ॥

**ਕਾਗੜਦੰ[2] ਕੜਾਕ॥ ਤਾਗੜਦੰ* ਤੜਾਕ॥**
**ਸਾਗੜਦੰ* ਸੁ ਬੀਰ॥ ਗਾਗੜਦੰ* ਗਹੀਰ ॥੧੦॥੧੬੬॥**

***ਭਾਵਾਰਥ:-*** (ਤੜਾਕ) ਤੁਰੰਤ ਹੀ ਕੜਕ ਕੇ ਗੰਭੀਰ ਅਤੇ ਉੱਤਮ ਯੋਧੇ ਚੱਲ ਪਏ॥੧੦॥੧੬੬॥

**ਨਾਗੜਦੰ[3] ਨਿਸਾਣ॥ ਜਾਗੜਦੰ* ਜੁਆਣ॥**
**ਨਾਗੜਦੀ* ਨਿਹੰਗ॥ ਪਾਗੜਦੀ* ਪਲੰਗ॥੧੧॥੧੬੭॥**

***ਭਾਵਾਰਥ:-*** ਜੁਆਣ (ਨਿਹੰਗ) ਯੋਧੇ (ਨਿਸਾਣ) ਪ੍ਰਗਟ (ਪਲੰਗ) ਸ਼ੇਰਾਂ ਵਰਗੇ ਹਨ॥੧੧॥੧੬੭॥

**ਤਾਗੜਦੀ ਤਮੱਕਿ॥ ਲਾਗੜਦੀਂ ਲਹੱਕਿ॥**
**ਕਾਗੜਦੀ ਕ੍ਰਿਪਾਣ॥ ਬਾਹੈਂ ਜੁਆਣ॥੧੨॥੧੬੮॥**

***ਭਾਵਾਰਥ:-*** ਜੁਆਣ (ਤਮੱਕਿ) ਕ੍ਰੋਧ ਨਾਲ ਤਲਵਾਰਾਂ (ਲਹੱਕਿ) ਚਮਕਾ (ਹਿਲਾ) ਕੇ ਵਾਹੁੰਦੇ ਹਨ॥੧੨॥੧੬੮॥

**ਖਾਗੜਦੀਂ ਖਤੰਗ॥ ਨਾਗੜਦੀਂ ਨਿਹੰਗ॥**

---

[1] ਲਿਖਾਰੀ ਦੀ ਭੁੱਲ ਨਾਲ 'ਸਕੋਪ' ਦੀ ਥਾਂ 'ਸੁਕੋਪ' ਲਿਖਿਆ ਗਿਆ ਹੈ।

[2]* ਧੁਨਿਤ ਸ਼ਬਦਾਂ ਦੇ ਅਰਥ ਲਿਖਣ ਦੀ ਭਾਸ਼ਾ ਨੂੰ ਵਿਗਾੜ ਦੇਂਦੇ ਹਨ, ਏਸ ਕਾਰਨ ਮੈਂ ਸੰਪ੍ਰਦਾਇ ਵਾਂਗ ਅਰਥ ਨਹੀਂ ਲਿਖੇ। ਧੁਨੀ ਆਤਮਕ ਨਾਦ ਵਿੱਚ ਓਸ ਦਾ ਆਰੰਭਕ ਅੱਖਰ ਹੀ ਅਗਲੇ ਸ਼ਬਦ ਦਾ ਜਨਕ ਹੁੰਦਾ ਹੈ, ਏਸ ਤੋਂ ਬਿਨਾਂ ਹੋਰ ਕੋਈ ਅਰਥ ਨਹੀਂ। ਯੁੱਧ ਭੂਮਿਕਾ ਵਿੱਚ ਧੁਨਿਤ ਸ਼ਬਦਾਂ ਦੀ ਬਹੁਤਾਤ ਹੁੰਦੀ ਹੈ, ਜਿਸ ਤੋਂ ਮਹਾਨ ਕਵੀਆਂ ਨੇ ਵੀ ਧੁਨਿਤ ਪ੍ਰਕਿਰਿਆ ਨੂੰ ਹੀ ਮੁੱਖ ਰੱਖਿਆ ਹੈ। ਧੁਨਿ ਆਤਮਕ ਸ਼ਬਦਾਂ ਦਾ ਮੂਲ ਅੱਡ-ਅੱਡ ਵਾਜਿਆਂ ਨਾਲ ਹੋਇਆ ਕਰਦਾ ਹੈ। ਸ੍ਰੀ ਸਰਬ ਲੋਹ ਗ੍ਰੰਥ ਵਿੱਚ ਤਾਂ ਤੰਤੀ ਵਾਜਿਆਂ ਦੀਆਂ ਧੁਨੀਆਂ ਵੀ ਲਿਖੀਆਂ ਹੋਈਆਂ ਹਨ। ਯਥਾ- 'ਰਰਰਰਰ : ਰਰਰਰਰ : ਰਰਰਰਰ : ਰਰਰਰਰ : ਰਾਮ' (ਅ. ਪ.)

[3]* 'ਨਾਗੜਦੰ, ਜਾਗੜਦੰ' ਅਤੇ 'ਨਾਗੜਦੀ, ਪਾਗੜਦੀ' ਆਦਿਕ ਦੋ ਰੂਪ ਧੁਨਿਤ ਸ਼ਬਦਾਂ ਦੇ ਏਸ ਛੰਦ 'ਚੋਂ ਪ੍ਰੈਸ ਦੀ ਬੀੜ ਅਨੁਸਾਰ ਲਿਖਾਰੀ ਦੀ ਭੁੱਲ ਹੀ ਹੈ ਕਿਉਂਕਿ ਧੁਨਿ ਆਤਮਕ ਸ਼ਬਦਾਂ ਦੇ ਇੱਕੋ ਛੰਦ ਦੀ ਲੈਅ ਵਿੱਚ ਦੋ ਰੂਪ ਨਹੀਂ ਸਮਾ ਸਕਦੇ, ਭਾਵੇਂ ਉਹ ਮਾਤ੍ਰਿਕ ਕਿਰਿਆ ਵਿੱਚ ਇੱਕ ਸਮ ਹੀ ਕਿਉਂ ਨਾ ਹੋਣ। ਏਸ ਤੋਂ ਮੈਂ ਏਸ ਸਿੱਟੇ ਤੇ ਪੁੱਜਾ ਹਾਂ ਕਿ ਏਸ ਸੰਗੀਤ ਮਧੁਭਾਰ ਛੰਦ ਦੇ ਧੁਨਿਤ ਸ਼ਬਦਾਂ ਵਿੱਚੋਂ ਬਹੁਰੂਪਤਾ 'ਨਾਗੜਦੀ ਪਾਗੜਦੀ' ਆਦਿਕ ਸ਼ਬਦਾਂ ਦੀ ਹੈ ਅਤੇ ਸਾਰੇ ਛੰਦ ਦੇ ਏਹ ਹੀ ਰੂਪ ਸਨ ਪਰੰਤੂ ਲਿਖਾਰੀ ਤੋਂ ਪਿਛਲੇ ਸੰਗੀਤ ਛੰਦਾਂ ਦੀ ਧੁਨਿਤ ਕਿਰਿਆ ਦੇ ਸਮਾਵੇਸ਼ ਕਾਰਨ 'ਨਾਗੜਦੰ' ਆਦਿਕ ਰੂਪ ਬਣ ਗਏ ਹਨ।

**ਛਾਗੜਦੀਂ ਛੁਟੰਤ॥ ਆਗੜਦੀਂ ਉਡੰਤ॥੧੩॥੧੬੯॥**

***ਭਾਵਾਰਥ:–*** (ਨਿਹੰਗ) ਨਿਰਸੰਕੋਚ (ਖਤੰਗ) ਤੀਰ ਉੱਡਦੇ ਅਤੇ ਛੁਟਦੇ ਹਨ॥੧੩॥੧੬੯॥

**ਪਾਗੜਦੀਂ ਪਵੰਗ॥ ਸਾਗੜਦੀਂ ਸੁਭੰਗ [੧]॥**
**ਜਾਗੜਦੀਂ ਜੁਆਣ[੧]॥ ਝਾਗੜਦੀਂ ਝੁਝਾਣ॥੧੪॥੧੭੦॥**

***ਭਾਵਾਰਥ:–*** (ਪਵੰਗ) ਘੋੜੇ (ਸੁ ਭੰਗ) ਮਰਦੇ ਹਨ ਅਤੇ ਜੁਆਨ (ਝੁਝਾਣ) ਲੜਦੇ (ਮਰਦੇ) ਹਨ॥੧੪॥੧੭੦॥

**ਝਾਗੜਦੀਂ ਝੜੰਗ॥ ਕਾਗੜਦੀਂ ਕੜੰਗ॥**
**ਤਾਗੜਦੀਂ ਤੜਾਕ॥ ਚਾਗੜਦੀਂ ਚਟਾਕ॥੧੫॥੧੭੧॥**

***ਭਾਵਾਰਥ:–*** (ਝੜੰਗ) ਪਹਿਲਵਾਨ (ਕੜੰਗ) ਜਕੜ ਲੈਂਦੇ ਅਤੇ (ਤੜਾਕ) ਤੁਰੰਤ (ਚਟਾਕ) ਪਟਕ ਮਾਰਦੇ ਹਨ॥੧੫॥੧੭੧॥

**ਘਾਗੜਦੀਂ ਘਬਾਕ॥ ਭਾਗੜਦੀਂ ਭਭਾਕ॥**
**ਕਾਗੜਦੰ ਕਪਾਲਿ॥ ਨੱਚੀ ਬਿਕ੍ਰਾਲ॥੧੬॥੧੭੨॥**

***ਭਾਵਾਰਥ:–*** (ਘਬਾਕ) ਘਬ ਦੀ ਧ੍ਵਨੀ ਨਾਲ (ਭਭਾਕ) ਗੱਜ ਕੇ (ਕਪਾਲਿ) ਦੁਰਗਾ (ਸ਼ਿਵ, ਸ਼ਿਵਾ) (ਬਿਕ੍ਰਾਲ) ਡਰਾਉਣੀ (ਸ਼ਕਲ) ਨਾਲ ਨੱਚੀ॥੧੬॥੧੭੨॥

**ਨਰਾਜ ਛੰਦ॥**

**ਅਨੰਤ ਦੁਸ੍ਰ ਮਾਰਿਯੰ॥ ਬਿਅੰਤ ਸੋਕ ਟਾਰਿਯੰ॥**
**ਕਮੰਧ ਅੰਧ ਉਠਿਯੰ॥ ਬਿਸੇਖ ਬਾਣ ਬੁੱਠਿਯੰ॥੧੭॥੧੭੩॥**

***ਭਾਵਾਰਥ:–*** ਬੇਅੰਤ (ਦੁਸਟ) ਦੈਂਤ ਮਾਰੇ, ਬਹੁਤ ਗ਼ਮ ਦੂਰ ਕੀਤੇ। (ਕਮੰਧ ਅੰਧ) ਅੰਨ੍ਹੇ ਸਰੀਰ ਭਾਵ ਦੈਂਤ ਉੱਠੇ ਅਤੇ (ਬਿਸੇਖ) ਬਹੁਤ ਤੀਰ ਵਰਸਾਏ॥੧੭॥੧੭੩॥

**ਕੜਾਕ ਕਰਮੁਕੰ ਉਧੰ॥ ਸੜਾਕ ਸੈਹਥੀ ਜੁਧੰ॥**
**ਬਿਅੰਤ ਬਾਣਿ ਬਰਖਯੰ॥ ਬਿਸੇਖ ਬੀਰ ਹਰਖਯੰ॥੧੮॥੧੭੪॥**

***ਭਾਵਾਰਥ:–*** (ਉਧੰ) ਉੱਚੇ ਕੀਤੇ ਭਾਵ ਚੁੱਕੇ ਹੋਏ (ਕਾਰਮੁਕੰ) ਧਨੁਸ਼ ਕੜਕਦੇ ਹਨ, ਜੰਗ ਵਿੱਚ ਬਰਛੀਆਂ ਸੜਾਕ (ਸ਼ਬਦ ਕਰ ਕੇ ਚਲਦੀਆਂ ਹਨ)। ਬੇਅੰਤ ਤੀਰ ਵਰ੍ਹਦੇ ਹਨ ਅਤੇ (ਬਿਸੇਖ) ਸਾਰੇ ਯੋਧੇ ਪਰਖੇ ਜਾ ਰਹੇ ਹਨ॥੧੮॥੧੭੪॥

**ਸੰਗੀਤ ਨਰਾਜ ਛੰਦ॥**

---

[੧] ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਦੀ ਛਾਪੀਆਂ ਹੋਈਆਂ ਸੈਂਚੀਆਂ ਵਿੱਚੋਂ 'ਸੁਭ੍ਵੰਗ' ਅਤੇ 'ਜੁਆਲ' ਪਾਠ ਅਸ਼ੁੱਧ ਵੀ ਮਿਲਦੇ ਹਨ।

**ਕੜਾਕੜੀ ਕ੍ਰਿਪਾਣਯੰ॥ ਜਟਾ ਜੁਟੀ ਜੁਆਣਯੰ॥**
**ਸੁ ਬੀਰ ਜਾਗੜਦੰ ਜਗੇ॥ ਲੜਾਕ ਲਾਗੜਦੰ ਪਗੇ॥੧੯॥੧੭੫॥**

***ਭਾਵਾਰਥ:–*** ਤਲਵਾਰਾਂ ਦੀ ਕੜਾ ਕੜੀ ਹੋਈ। ਜੁਆਲਾ ਦੀ (ਜਟਾ ਜੁਟੀ) ਗੁੱਥਮਗੁੱਥੀ ਹੋਈ ਉੱਤਮ ਯੋਧੇ ਜਾਗ ਪਏ। (ਲੜਾਕ) ਯੋਧੇ (ਜੰਗ ਵਿੱਚ) (ਪਗੇ) ਜੁੜ ਪਏ॥੧੯॥੧੭੫॥

**ਰਸਾਵਲ ਛੰਦ॥**

**ਝਮੀ ਤੇਗ ਝੱਟੰ॥ ਛੁਰੀ ਛਿਪ੍ਰ ਛੁੱਟੰ॥**
**ਗੁਰੰ ਗੁਰਜ ਗੱਟੰ॥ ਪਲੰਗੰ ਪਿਸੱਟੰ॥੨੦॥੧੭੬॥**

***ਭਾਵਾਰਥ:–*** (ਝੱਟੰ) ਤੁਰੰਤ ਹੀ ਤਲਵਾਰ (ਝਮੀ) ਚਮਕ ਪਈ, (ਛਪ੍ਰ) ਝੱਟ ਹੀ (ਛੁਰੀ) ਤਲਵਾਰ (ਛੁਟੰ) ਚੱਲ ਪਈ। (ਗੁਰੰ) ਭਾਰੀ ਗੁਰਜੰ (ਪਲੰਗੰ) ਸ਼ੇਰ ਦੀ ਪਿੱਠ ਅਤੇ (ਗੱਟੰ) ਗਲ ਤੇ ਵੱਜੇ॥੨੦॥੧੭੬॥

**ਕਿਤੇ ਸ੍ਰੋਣ ਚੱਟੰ॥ ਕਿਤੇ ਸੀਸ ਫੁਟੰ॥**
**ਕਹੂੰ ਹੂਹ ਛੁਟੰ॥ ਕਹੂ ਬੀਰ ਉੱਠੰ॥੨੧॥੧੭੭॥**

***ਭਾਵਾਰਥ:–*** ਕਿਤੇ (ਗਿੱਦੜ) ਲਹੂ ਚੱਟਦੇ ਹਨ, ਕਿਤੇ ਸਿਰ ਫੁੱਟੇ ਪਏ ਹਨ। ਕਿਤੇ (ਹੂਹ) ਹੁੰਗਾਰੇ (ਛੁਟੰ) ਆ ਰਹੇ ਹਨ। ਕਿਤੇ ਯੋਧੇ ਉੱਠ ਰਹੇ ਹਨ॥੨੧॥੧੭੭॥

**ਕਹੂੰ ਧੂਰਿ ਲੁਟੰ॥ ਕਹੂ ਮਾਰ ਰੱਟੰ॥**
**ਭਣੈ ਜੱਸ ਭੱਟੰ॥ ਕਿਤੇ ਪੇਟ ਫੱਟੰ॥੨੨॥੧੭੮॥**

***ਭਾਵਾਰਥ:–*** ਕਿਤੇ ਧੂੜ ਵਿੱਚ ਲੋਟ ਪੋਟ ਹੁੰਦੇ ਹਨ। ਕਿਤੇ ਮਾਰੋ ਮਾਰ (ਰੱਟੰ) ਬੋਲਦੇ ਹਨ। ਕਿਤੇ ਭਟ ਯਸ਼ ਉਚਾਰਦੇ ਹਨ। ਕਿਤੇ ਢਿੱਡ ਪਾਟੇ (ਜ਼ਖਮੀ) ਪਏ ਹਨ॥੨੨॥੧੭੮॥

**ਭਜੇ ਛਤ੍ਰਿ ਥਟੰ॥ ਕਿਤੇ ਖੂਨ ਖੱਟੰ॥**
**ਕਿਤੇ ਦੁਸ੍ਰ ਦੱਟੰ॥ ਫਿਰੇ ਜਯੋਂ ਹਰੱਟੰ॥੨੩॥੧੭੯॥**

***ਭਾਵਾਰਥ:–*** ਛਤਰਾਂ ਨੂੰ (ਥੱਟੰ) ਤਾਣੇ ਹੋਏ ਭੱਜੇ ਫਿਰਦੇ ਹਨ। ਕਿਤੇ (ਖੂਨ) ਕਤਲ (ਦੇ ਕੰਮ) ਨੂੰ ਹੀ (ਖੱਟੰ) ਕਮਾਉਂਦੇ ਹਨ। ਕਿਤੇ ਦੁਸ਼ਟਾਂ ਨੂੰ ਡਾਟਦੇ ਹੋਏ ਹਲਟ ਵਾਂਗੂ ਚੁਤਰਫੀਂ ਫਿਰਦੇ ਹਨ॥੨੩॥੧੭੯॥

**ਸਜੇ ਸੂਰ ਸਾਰੇ॥ ਮਹਿਖੁਆਸ ਧਾਰੇ॥**
**ਲਏ ਖੱਗ ਆਰੇ॥ ਮਹਾ ਰੋਹ ਵਾਰੇ॥੨੪॥੧੯੦॥**

***ਭਾਵਾਰਥ:–*** (ਮਹਿਖੁਆਸ) ਮਹਾਂ ਧਨੁਸ਼ਾਂ ਨੂੰ ਧਾਰ ਕੇ ਸਾਰੇ ਯੋਧੇ ਸਜੇ ਹੋਏ ਹਨ। (ਖੱਗ ਆਰੇ) ਭੱਥੇ ਲਏ ਹੋਏ, ਮਹਾਂ ਗੁੱਸੇ ਵਾਲੇ॥੨੪॥੧੯੦॥

**ਸਹੀ ਰੂਪ ਕਾਰੇ॥ ਮਨੌ ਸਿੰਧੁ ਖਾਰੇ॥**
**ਕਈ ਬਾਰ ਗਾਰੇ[1]॥ ਸੁ ਮਾਰੰ ਉਚਾਰੇ॥੨੫॥੧੯੧॥**

***ਭਾਵਾਰਥ:–*** ਠੀਕ ਹੀ ਕਾਲੇ ਰੂਪ ਵਾਲੇ, ਮਾਨੋ ਕਿ ਖਾਰੇ ਸਮੁੰਦਰ ਹਨ। ਕਈ ਵਾਰ ਗਾਲੀਆਂ ਅਤੇ ਮਾਰੋ ਮਾਰ ਬੋਲਦੇ ਹਨ॥੨੫॥੧੯੧॥

**ਭਵਾਨੀ ਪਛਾਰੇ॥ ਜਵਾ ਜੇਮਿ ਜਾਰੇ[2]॥**
**ਬਡੇ ਈ ਲੁਝਾਰੇ॥ ਹੁਤੇ ਹੀਯਵਾਰੇ॥੨੬॥੧੯੨॥**

***ਭਾਵਾਰਥ:–*** (ਭਵਾਨੀ) ਦੁਰਗਾ ਦੇ ਮਾਰ ਸੁੱਟੇ। (ਜਵਾ) ਜਵਾਹੇਂ ਵਾਂਗ ਸਾੜ ਦਿੱਤੇ (ਬਰਖਾ ਨੇ) ਜੋ ਵੱਡੇ ਈ ਯੋਧੇ ਦਿਲ ਵਾਲੇ ਹਨ॥੨੬॥੧੯੨॥

**ਇਕੰ ਬਾਰ ਟਾਰੇ॥ ਠਮੰ ਠੋਕ ਠਾਰੇ॥**
**ਬਲੀ ਮਾਰ ਡਾਰੇ॥ ਢਮੱਕੇ ਢਢਾਰੇ॥ ੨੭॥੧੯੩॥**

***ਭਾਵਾਰਥ:–*** ਜੋ (ਠਮੰ) ਥਾਂਵਾਂ ਨੂੰ (ਠੋਕ) ਭਰ ਭਾਵ ਰੋਕ ਕੇ ਖਲੋਤੇ ਸਨ (ਉਹ) ਇੱਕੇ ਵਾਰ ਹੀ (ਟਾਰੇ) ਦੂਰ ਕਰ ਦਿੱਤੇ। (ਢਮੱਕੇ) ਢੋਲਾਂ ਦੇ (ਢਢਾਰੇ) ਵਜਾਉਣ ਵਾਲੇ[3] ਬਲਵਾਨ ਮਾਰ ਸੁੱਟੇ॥੨੭॥੧੯੩॥

**ਬਹੇ ਬਾਨਿਆਰੇ॥ ਕਿਤੈ ਤੀਰ ਤਾਰੇ॥**
**ਲਖੇ ਹਾਥ ਬਾਰੇ॥ ਦਿਵਾਨੇ ਦਿਦਾਰੇ॥੨੮॥੧੯੪॥**

***ਭਾਵਾਰਥ:–*** (ਬਾਨਿਆਰੇ) ਕਮਾਨਾਂ ਨੂੰ (ਬਹੇ) ਛੱਡ ਕੇ (ਤੀਰ) ਪਾਸ ਹੋ ਕੇ (ਦੁਰਗਾ ਨੂੰ) (ਤਾਰੇ) ਵੇਖਦੇ ਹਨ। (ਕਈ ਦੁਰਗਾ ਦੇ) ਦਰਸ਼ਨ ਦੇ ਦੀਵਾਨਿਆਂ ਦੇ (ਬਾਰੇ) ਖਾਲੀ ਹੱਥ ਹੀ ਵੇਖੇ ਗਏ ਹਨ॥੨੮॥੧੯੪॥

**ਹਣੇ ਭੂਮਿ ਪਾਰੇ॥ ਕਿਤੇ ਸਿੰਘ ਫਾਰੇ॥**
**ਕਿਤੇ ਆਪੁ ਬਾਰੇ॥ ਜਿਤੇ ਦੈਤਜ ਭਾਰੇ॥੨੯॥੧੯੫॥**

***ਭਾਵਾਰਥ:–*** ਦੁਰਗਾ ਨੇ ਕਈ ਮਾਰ ਕੇ ਜ਼ਮੀਨ ਤੇ ਸੁੱਟੇ ਹੋਏ ਹਨ। ਕਈ ਸ਼ੇਰ ਦੇ ਪਾੜੇ ਹੋਏ ਹਨ। ਜਿੰਨੇ (ਭਾਰੇ) ਵੱਡੇ ਦੈਂਤ ਹਨ, ਉਨ੍ਹਾਂ ਵਿੱਚੋਂ ਕਈ (ਆਪੁ ਬਾਰੇ) ਆਪਣੇ ਆਪ ਨੂੰ ਵਾਰਦੇ ਭਾਵ ਕੁਰਬਾਨ ਕਰਦੇ ਹਨ॥੨੯॥੧੯੫॥

---

[1] ਸੰਸਕ੍ਰਿਤ ਛੰਦਾਂ ਵਿੱਚ ਵਿਖਮ ਅੰਤਜਾਨੁਪ੍ਰਾਸ ਆਮ ਹੀ ਹੈ, ਪਰ ਭਾਸ਼ਾ ਵਿੱਚ ਏਸ ਤਰ੍ਹਾਂ ਦੇ ਵਿਸ਼ਰਾਮ ਅੰਤਜਾਨੁਪ੍ਰਾਸ ਵਾਲੇ ਛੰਦ ਆਮ ਨਹੀਂ ਹਨ, ਏਸੇ ਕਾਰਨ ਮੈਨੂੰ ਲਿਖਾਰੀ ਦੀ ਭੁੱਲ ਨਾਲ 'ਗਾਰੇ' ਤੋਂ 'ਗਾਰੀ' ਪਾਠ ਲਿਖਿਆ ਗਿਆ ਹੀ ਪ੍ਰਤੀਤ ਹੁੰਦਾ ਹੈ। ਇਹ ਸੰਕੇਤ ਰਸਾਵਲ ਛੰਦ ਵਿੱਚ ਹੋਰ ਕਿਸੇ ਥਾਂ ਨਹੀਂ ਮਿਲਦਾ।

[2] ਇਹ ਅਰਥ ਠੀਕ ਨਹੀਂ ਹੈ, ਪ੍ਰੰਤੂ ਹੋਰ ਪਾਠਾਂਤਰ ਦੀ ਅਜੇ ਖੋਜ ਨਹੀਂ ਹੋ ਸਕੀ, ਜਿਸ ਕਾਰਨ ਮਹਾਨ ਕੋਸ਼ 'ਚੋਂ ਹੀ ਅਰਥ ਨਕਲ ਕਰ ਦਿੱਤਾ ਹੈ।

[3] ਢੱਡਾਂ ਵਾਲੇ 'ਢਾਡੀ' ਅਰਥ ਵੀ ਪ੍ਰਕਰਣ ਤੋਂ ਲਾਂਭੇ ਨਹੀਂ ਜਾਂਦਾ।

**ਤਿਤੇ ਅੰਤ ਹਾਰੇ॥ ਬਡੇ ਈ ਅੜਿਆਰੇ॥**
**ਖਰੇ ਈ ਬਰਜਾਰੇ॥ ਕਰੂਰੰ ਕਰਾਰੇ॥੩੦॥੧੮੬॥**

***ਭਾਵਾਰਥ:–*** ਜਿੰਨੇ ਬੜੇ ਦੀ ਅੜੀਅਲ ਸਨ, ਓਨੇ ਹੀ ਅਖੀਰ ਹਾਰ ਗਏ। ਚੰਗੇ ਈ ਬਲਵਾਨ, (ਕਰਾਰੇ) ਬਹੁਤ ਡਰਾਉਣੇ॥੩੦॥੧੮੬॥

**ਲਪੱਕੇ ਲਲਾਰੇ॥ ਅਰੀਲੇ ਅਰਿਜਾਰੇ॥**
**ਹਣੇ ਕਾਲਕਾ ਰੇ॥ ਭਜੇ ਰੋਹ ਵਾਰੇ॥੩੧॥੧੮੭॥**

***ਭਾਵਾਰਥ:–*** (ਲਲਾਰੇ) ਸਾਹਮਣੇ (ਲਪੱਕੇ) ਦੌੜੇ (ਚੰਬੜ ਗਏ)। ਅੜੀਅਲ ਤੋਂ ਅੜੀਅਲ। ਰੇ! ਕਾਲਿਕਾ ਨੇ ਮਾਰ ਦਿੱਤੇ। (ਰੋਹ) ਦਬਦਬੇ ਵਾਲੇ ਵੀ ਭੱਜ ਗਏ॥੩੧॥੧੮੭॥

**ਦੋਹਰਾ॥**
**ਇਹ ਬਿਧਿ ਦੁਸਟ ਪ੍ਰਜਾਰ ਕੈ ਸਸਤ੍ਰ ਅਸਤ੍ਰ ਕਰਿ ਲੀਨ॥**
**ਬਾਣ ਬੂੰਦ ਪ੍ਰਿਥਮੇ ਬਰਖ ਸਿੰਘ ਨਾਦ ਪੁਨ ਕੀਨ॥੩੨॥੧੮੮॥**

***ਭਾਵਾਰਥ:–*** ਇਸ ਤਰ੍ਹਾਂ ਦੁਸਟ ਦੈਂਤ ਸਾੜ ਭਾਵ ਨਾਸ ਕਰ ਕੇ (ਦੁਰਗਾ ਨੇ ਹੋਰ) ਸ਼ਸਤਰ ਅਸਤਰ ਹੱਥ ਵਿੱਚ ਫੜ੍ਹ ਲਏ। ਪਹਿਲੋਂ ਬਾਣ ਰੂਪ ਬੂੰਦਾਂ ਵਾਲਾ (ਬੱਦਲ) ਵਰ੍ਹਾਂ ਕੇ ਫੇਰ (ਸਿੰਘ ਨਾਦ) ਗੱਜਣ ਕੀਤਾ॥੩੨॥੧੮੮॥

**ਰਸਾਵਲ ਛੰਦ॥**
**ਸਣਯੋ ਸੁੰਭ ਰਾਯੰ॥ ਚੜਯੋ ਚੌਪ ਚਾਯੰ॥**
**ਸਜੇ ਸਸਤ੍ਰ ਪਾਣੰ॥ ਚੜ੍ਹੇ ਜੰਗ ਜੁਆਣੰ॥੩੩॥੧੮੯॥**

***ਭਾਵਾਰਥ:–*** ਸੁਣਿਆ ਕਿ ਰਾਜਾ ਸੁੰਭ (ਚਉਪ ਚਾਯੰ) ਮਹਾਨ ਖੁਸ਼ੀ ਨਾਲ (ਜੰਗ ਨੂੰ) ਚੜ੍ਹ ਪਿਆ ਹੈ ਤਾਂ ਜੁਆਨ ਵੀ ਹੱਥਾਂ ਵਿੱਚ ਸ਼ਸਤਰ ਸਜਾ ਕੇ ਜੰਗ ਨੂੰ ਚੜ੍ਹ ਪਏ॥੩੩॥੧੮੯॥

**ਲਗੇ ਢੋਲ ਢੰਕੇ॥ ਕਮਾਣੰ ਕੜੰਕੇ॥**
**ਭਏ ਨੱਦ ਨਾਦੰ॥ ਧੁਣੰ ਨ੍ਰਿਬਿਖਾਦੰ॥੩੪॥੧੯੦॥**

***ਭਾਵਾਰਥ:–*** ਢੋਲਾਂ ਤੇ (ਢੰਕੇ) ਡੰਕੇ ਵੱਜੇ, ਕਮਾਨਾਂ ਕੜਕੀਆਂ, ਵਾਜਿਆਂ ਦੇ ਸ਼ਬਦ ਹੋਏ, ਜਿਨ੍ਹਾਂ ਦੀ (ਨਿਰ ਬਿਖਾਦੰ) ਇਕ ਰਸ ਧੁਨੀ ਸੀ॥੩੪॥੧੯੦॥

**ਚਮੱਕੀ ਕ੍ਰਿਪਾਣੰ॥ ਹਠੇ ਤੇਜ ਮਾਣੰ॥**
**ਮਹਾ ਬੀਰ ਹੁੰਕੇ॥ ਸੁ ਨੀਸਾਣ ਦੂੰਕੇ॥੩੫॥੧੯੧॥**

***ਭਾਵਾਰਥ:–*** ਤਲਵਾਰ ਲਿਸ਼ਕ ਪਈ, ਤੇਜਵਾਨ ਯੋਧੇ ਰੁਕ ਗਏ, ਮਹਾਨ ਯੋਧੇ (ਹੁੰਕੇ) ਬੋਲ ਪਏ, ਉੱਤਮ ਨਗਾਰੇ (ਦੂੰਕੇ) ਵੱਜੇ॥੩੫॥੧੯੧॥

**ਚਹੂੰ ਓਰ ਗਰਜੇ॥ ਸਬੈ ਦੇਵ ਲਰਜੇ॥**
**ਸਰੰ ਧਾਰ ਬਰਖੇ॥ ਮਯਾ ਪਾਣ ਪਰਖੇ॥੩੬॥੧੯੨॥**

***ਭਾਵਾਰਥ:–*** ਚੁਹੀਂ ਪਾਸੀਂ ਗੱਜੇ, ਸਾਰੇ ਦੇਵ ਕੰਬ ਗਏ, ਤੀਰਾਂ ਦੀ ਵਰਖਾ ਹੋਈ। ਦੈਂਤਾਂ ਨੇ ਮਾਤਾ ਦੁਰਗਾ ਦੇ ਹੱਥ ਅਜਮਾਏ॥੩੬॥੧੯੨॥

**ਚੌਪਈ॥**
**ਜੇ ਲੈ ਸਸਤ੍ਰ ਸਾਮੁਹੇ ਧਏ॥ ਤਿਤੇ ਨਿਧਨ ਕਹੁੰ ਪ੍ਰਾਪਤਿ ਭਏ॥**
**ਝਮਕਤਿ ਭਈ ਅਸਨ ਕੀ ਧਾਰਾ॥ ਭਭਕੇ ਰੁੰਡ ਮੁੰਡ ਬਿਕਰਾਰਾ॥੩੭॥੧੯੩॥**

***ਭਾਵਾਰਥ:–*** (ਜੇ) ਜਿੰਨੇ (ਦੈਂਤ) ਸ਼ਸਤਰ ਲੈ ਕੇ ਦੁਰਗਾ ਦੇ ਸਾਹਮਣੇ ਦੌੜ ਕੇ ਆਏ ਓਨੇ ਹੀ (ਨਿਧਨ) ਨਾਸ (ਮੌਤ, ਅੰਤ) ਨੂੰ (ਪ੍ਰਾਪਤ ਭਏ) ਹੋ ਗਏ। (ਅਸਨਿ) ਤਲਵਾਰਾਂ ਦੀ ਧਾਰ ਲਿਸ਼ਕੀ। (ਰੁੰਡ) ਧੜ ਅਤੇ (ਬਿਕਾਰਾ) ਡਰਾਉਣੇ (ਮੁੰਡ) ਸਿਰ ਕੱਟੇ ਜਾਣ ਤੋਂ ਲਹੂ ਦੇ ਨਿਕਲਣ ਦੀ (ਭਭਕ) ਅਵਾਜ਼ ਨਾਲ ਬੋਲੇ॥੩੭॥੧੯੩॥

**ਦੋਹਰਾ॥**
**ਹੈ ਗੈ ਰਥ ਪੈਦਲ ਕਟੇ ਬਚਜੋ ਨ ਜੀਵਤ ਕੋਇ॥**
**ਤਬ ਆਪੈ ਨਿਕਸਜੋ ਨ੍ਰਿਪਤਿ ਸੁੰਭ [1] ਕਰੈ ਸੋ ਹੋਇ॥੩੮॥੧੯੪॥**

***ਭਾਵਾਰਥ:–*** ਘੋੜੇ, ਹਾਥੀ, ਰਥ ਅਤੇ ਪੈਦਲ ਵੱਢੇ ਗਏ, ਕੋਈ ਜੀਉਂਦਾ ਨਾ ਬਚਿਆ। ਤਾਂ ਰਾਜਾ ਸੁੰਭ ਆਪ ਹੀ ਨਿਕਲ ਪਿਆ ਕਿ ਜੋ ਈਸ਼ਵਰ ਕਰੇਗਾ ਉਹ ਹੋਵੇਗਾ॥੩੮॥੧੯੪॥

**ਚਉਪਈ॥**
**ਸਿਵਦੂਤੀ ਇਤਿ ਦ੍ਰੁਗਾ ਬੁਲਾਈ॥ ਕਾਨ ਲਾਗ ਨੀਕੈ ਸਮਝਾਈ॥**
**ਸਿਵ ਕੋ ਭੇਜ ਦੀਜਿਯੈ ਤਹਾਂ ॥ ਦੈਤਜ ਰਾਜ ਇਸਥਿਤ ਹੈ ਜਹਾਂ॥੩੯॥੧੯੫॥**

***ਭਾਵਾਰਥ:–*** ਦੁਰਗਾ ਨੇ ਏਧਰ (ਸ਼ਿਵ ਦੂਤੀ) ਆਪਣੀ ਹੀ ਸ਼ਕਤੀ ਬੁਲਾਇਆ ਅਤੇ ਕੰਨ ਨਾਲ ਲੱਗ ਕੇ ਭਾਵ ਗੁਪਤ ਗੁਪਤ ਚੰਗੀ ਤਰ੍ਹਾਂ ਸਮਝਾ ਦਿੱਤੀ ਕਿ ਸ਼ਿਵ ਓਥੇ ਭੇਜ ਦਿਓ ਜਿੱਥੇ (ਦੈਂਤ ਰਾਜ) ਸੁੰਭ ਮੌਜੂਦ ਹੈ॥੩੯॥੧੯੫॥

**ਸਿਵ ਦੂਤੀ ਜਬ ਇਮ ਸੁਨ ਪਾਵਾ॥ ਸਿਵਹਿ ਦੂਤ ਕਰਿ ਉਤੈ ਪਠਾਵਾ॥**
**ਸਿਵ ਦੂਤੀ ਤਾ ਤੇ ਭਯੋ ਨਾਮਾ॥ ਜਾਨਤ ਸਕਲ ਪੁਰਖ ਅਰੁ ਬਾਮਾ॥੪੦॥੧੯੬॥**

---

[1] ਲਿਖਾਰੀ ਦੀ ਭੁੱਲ ਨਾਲ 'ਸੰਭ' ਦੀ ਥਾਂ 'ਸੁੰਭ' ਪਾਠ ਲਿਖਿਆ ਗਿਆ, ਏਸ ਵਾਸਤੇ ਸਾਨੂੰ ਏਸ ਤੁੱਕ ਦਾ ਅਰਥ ਖਿੱਚ ਕੇ ਕਰਨਾ ਪਿਆ ਹੈ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਵਾਲੀਆਂ ਸੈਂਚੀਆਂ 'ਸੁੰਭ' ਪਾਠ ਹੀ ਛਾਪਿਆ ਹੋਇਆ ਹੈ, ਵੇਖੋ ਸਫ਼ਾ ੧੧੩॥

***ਭਾਵਾਰਥ:–*** ਜਦੋਂ ਸ਼ਿਵ ਦੂਤੀ ਨੇ ਇਓਂ ਸੁਣਿਆ। ਸ਼ਿਵ ਦੂਤ ਬਣਾ ਕੇ ਓਧਰ ਭੇਜ ਦਿੱਤਾ ਸੀ। ਓਸ ਤੋਂ ਹੀ (ਦੁਰਗਾ ਦਾ) ਸ਼ਿਵ ਦੂਤੀ ਨਾਮ ਹੋਇਆ, ਸਾਰੇ ਪੁਰਸ਼ ਅਤੇ (ਬਾਮਾ) ਇਸਤਰੀਆਂ ਜਾਣਦੇ ਹਨ॥੪੦॥੧੯੬॥

**ਸਿਵ ਕਹਿ ਦੈਤਜ ਰਾਜ ਸੁਨਿ ਬਾਤਾ॥ ਇਹ ਬਿਧਿ ਕਹਜੋ ਤੁਮਹੁ ਜਗਮਾਤਾ॥**
**ਦੇਵਨ ਕੌ ਦੈ ਕੈ ਠਕੁਰਾਈ॥ ਕੈ ਮਾਂਡਹੁ ਹਮ ਸੰਗ ਲਰਾਈ॥੪੧॥੧੯੭॥**

***ਭਾਵਾਰਥ:–*** ਸ਼ਿਵ ਕਹਿੰਦਾ ਹੈ ਕਿ (ਦੈਂਤ ਰਾਜ) ਸੁੰਭ! ਮੇਰੀ ਗੱਲ ਸੁਣ ਕਿ ਤੈਨੂੰ (ਜਗਮਾਤਾ) ਦੁਰਗਾ ਨੇ ਇਸ ਤਰ੍ਹਾਂ ਕਿਹਾ ਕਿ (ਕੈ) ਜਾਂ ਦੇਵਤਿਆਂ ਨੂੰ (ਠਕੁਰਾਈ) ਬਾਦਸ਼ਾਹੀ ਦੇ ਦਵੋ। (ਕੈ) ਜਾਂ ਮੇਰੇ ਨਾਲ ਲੜਾਈ (ਮਾਂਡਹੁ) ਲੜੋ॥੪੧॥੧੯੭॥

**ਦੈਤਜ ਰਾਜ ਇਹ ਬਾਤ ਨ ਮਾਨੀ॥ ਆਪ ਚਲੇ ਜੂਝਨ ਅਭਿਮਾਨੀ॥**
**ਗਰਜਤਿ ਕਾਲਿ ਕਾਲ ਜਯੋਂ ਜਹਾਂ॥ ਪ੍ਰਾਪਤਿ ਭਯੋ ਅਸੁਰਪਤਿ ਤਹਾਂ॥੪੨॥੧੯੮॥**

***ਭਾਵਾਰਥ:–*** ਦੈਂਤ ਰਾਜ ਸੁੰਭ ਨੇ ਇਹ (ਬਾਦਸ਼ਾਹੀ ਦੇਣ ਦੀ) ਗੱਲ ਨਾ ਮੰਨੀ। ਅਹੰਕਾਰ ਨਾਲ ਆਪ ਲੜਨ ਨੂੰ ਤੁਰ ਪਿਆ। ਕਾਲਿਕਾ ਜਿੱਥੇ (ਕਾਲ) ਮੌਤ ਭਾਵ ਯਮ ਵਾਂਗ ਗੱਜਦੀ ਸੀ। (ਅਸੁਰਪਤਿ) ਸੁੰਭ ਉੱਥੇ ਪੁੱਜ ਗਿਆ॥੪੨॥੧੯੮॥

**ਚਮਕੀ ਤਹਾਂ ਅਸਿਨ ਕੀ ਧਾਰਾ॥ ਨਾਚੇ ਭੂਤ ਪ੍ਰੇਤ ਬੈਤਾਰਾ॥**
**ਫਰਕੇ ਅੰਧ ਕਬੰਧ ਅਚੇਤਾ॥ ਭਿਭਰੇ ਭਈਰਵ ਭੀਮ ਅਨੇਕਾ॥੪੩॥੧੯੯॥**

***ਭਾਵਾਰਥ:–*** ਓਥੇ (ਅਸਨਿ) ਤਲਵਾਰਾਂ ਦੀ ਧਾਰ ਲਿਸ਼ਕ ਪਈ, ਭੂਤ ਪ੍ਰੇਤ ਅਤੇ ਬੈਤਾਲ ਨੱਚੇ। ਅੰਨ੍ਹਿਆਂ (ਦੈਂਤਾਂ) ਦੇ ਸਰੀਰ ਫਰਕ (ਕੰਬ) ਉੱਠੇ। ਅਨੇਕਾਂ ਹੀ (ਭੀਮ) ਭਿਆਨਕ ਭੈਰਵ (ਭਿਭਰੇ) ਨੱਚੇ॥੪੩॥॥੧੯੯॥

**ਤੁਰਹੀ ਢੋਲ ਨਗਾਰੇ ਬਾਜੇ॥ ਭਾਂਤਿ ਭਾਂਤਿ ਜੋਧਾ ਰਣ ਗਾਜੇ॥**
**ਢਢਿ ਡਫ ਡਮਰੁ ਡੁਗਡੁਗੀ ਘਨੀ॥ ਨਾਇ ਨਫੀਰੀ ਜਾਤਿ ਨ ਗਨੀ॥੪੪॥੨੦੦॥**

***ਭਾਵਾਰਥ:–*** ਤੁਰਹੀਆਂ, ਢੋਲ ਅਤੇ ਨਗਾਰੇ ਵੱਜੇ। ਮੈਦਾਨੇ ਜੰਗ ਵਿੱਚ ਤਰ੍ਹਾਂ ਤਰ੍ਹਾਂ ਨਾਲ ਯੋਧੇ ਗੱਜੇ। ਢੱਢਾਂ, ਡੱਫਾਂ, ਡੌਰੂ ਅਤੇ ਬਹੁਤ ਡੁਗਡੁਗੀਆਂ[1], ਸਰਨਾਈਆਂ ਅਤੇ ਨਫ਼ੀਰੀਆਂ (ਜਾਤਿ ਨ ਗਨੀ) ਬਹੁਤੀਆਂ ਹੀ ਵੱਜੀਆਂ॥੪੪॥੨੦੦॥

**ਮਧੁਭਾਰ ਛੰਦ॥**
**ਹੁੰਕੇ ਕਿਕਾਣ॥ ਧੁੰਕੇ ਨਿਸਾਣ॥**

---

[1] ਡੁਗਡੁਗੀ ਉਹ ਵਾਜਾ ਹੈ ਜਿਹੜਾ ਡੌਰੂ ਨਾਲੋਂ ਵੱਡਾ ਅਤੇ ਡੰਡੇ ਨਾਲ ਇੱਕ ਪਾਸਿਓਂ ਵਜਾਇਆ ਜਾਂਦਾ ਹੈ, ਡੰਡੇ ਨਾਲ ਵਜਾਉਣ ਤੋਂ ਅਤੇ ਡੁਗ ਡੁਗ ਸ਼ਬਦ ਪੈਦਾ ਕਰਨ ਦੇ ਕਾਰਨ ਹੀ ਡੁਗ ਡੁਗੀ ਨਾਮ ਪਿਆ ਹੈ, ਇਹ ਵਾਜਾ ਦੇਵੀ, ਭਗਤ ਆਮ ਵਜਾਉਂਦੇ ਫਿਰਦੇ ਹੁੰਦੇ ਹਨ, ਥਾਲੀਆਂ ਨੂੰ ਵੀ ਨਾਲ ਵਜਾਉਂਦੇ ਅਤੇ ਡੰਡੇ ਉਤੇ ਚਕ੍ਰੀਆਂ ਵਜਾਉਂਦੇ ਹੁੰਦੇ ਹਨ।

**ਸੱਜੇ ਸੁ ਬੀਰ॥ ਗੱਜੇ ਗਹੀਰ॥੪੫॥੨੦੧॥**

***ਭਾਵਾਰਥ:–*** (ਕਿਕਾਣ) ਘੋੜੇ (ਹੁੰਕੇ) ਹਿਣਕੇ, ਨਗਾਰੇ ਵੱਜੇ। ਯੋਧੇ ਸੱਜ ਗਏ ਅਤੇ (ਗਹੀਰ) ਸਾਗਰ ਵਾਂਗ ਗੱਜ ਪਏ॥੪੫॥੨੦੧॥

**ਝੁੱਕੇ ਨਿਝੱਕ॥ ਬੱਜੇ ਉਬੱਕ॥**
**ਸੱਜੇ ਸੁ ਬਾਹ॥ ਅੱਛੈ ਉਛਾਹ॥੪੬॥੨੦੨॥**

***ਭਾਵਾਰਥ:–*** ਨਿਸੰਗ ਹੀ ਜੰਗ ਨੂੰ (ਝੁੱਕੇ) ਆ ਵੜੇ। (ਉਬੱਕ) ਉਤਸ਼ਾਹ ਨਾਲ (ਬੱਜੇ) ਲੜੇ, ਉੱਤਮ (ਬਾਹ) ਯਾਨ (ਘੋੜੇ) ਸਾਜੇ, ਚੰਗੇ ਉਤਸ਼ਾਹ ਨਾਲ॥੪੬॥੨੦੨॥

**ਕੱਟੇ ਕਿਕਾਣ॥ ਫੁੱਟੇ ਚਵਾਣ॥**
**ਸੂਲੰ ਸੜਾਕ॥ ਉੱਠੇ ਕੜਾਕ॥੪੭॥੨੦੩॥**

***ਭਾਵਾਰਥ:–*** ਘੋੜੇ ਵੱਢੇ ਗਏ (ਚਵਾਣ–ਜੌਲਾਂਨ) ਭਾਵ ਘੋੜਿਆਂ ਦੇ ਮੂੰਹ ਫਟ ਗਏ। (ਸੜਾਕ) ਤੁਰੰਤ ਹੀ (ਸੂਲੰ) ਤੀਰਾਂ ਦੇ ਕੜਾਕੇ ਉੱਠ ਪਏ॥੪੭॥੨੦੩॥

**ਗੱਜੇ ਜੁਆਣ॥ ਬੱਜੇ ਨਿਸਾਣ॥**
**ਸੱਜੇ ਰਜੇਂਦ੍ਰ॥ ਗੱਜੇ ਗਜੇਂਦ੍ਰ॥੪੮॥੨੦੪॥**

***ਭਾਵਾਰਥ:–*** (ਜੁਆਣ) ਯੋਧੇ ਗੱਜ ਪਏ, ਨਗਾਰੇ ਵੱਜ ਪਏ, (ਰਜੇਂਦ੍ਰ) ਮਹਾਨ ਰਾਜੇ ਸਜੇ (ਗਜੇਂਦ੍ਰ) ਵੱਡੇ ਹਾਥੀ (ਗੱਜੇ) ਚਿੰਘਾੜੇ॥੪੮॥੨੦੪॥

**ਭੁਜੰਗ ਪ੍ਰਯਾਤ ਛੰਦ॥**
**ਫਿਰੇ ਬਾਜਿਯੰ ਤਾਜਿਯੰ ਇੱਤ ਉੱਤੰ॥ ਗੱਜੇ ਬਾਰੁਣੰ ਦਾਰੁਣੰ ਰਾਜ ਪੁੱਤ੍ਰੰ॥**
**ਬਜੇ ਸੰਖ ਭੇਰੀ ਉਠੇ ਸੰਖ ਨਾਦੰ॥ ਰਣੰਕੈ ਨਫੀਰੀ ਧੁਣੰ ਨ੍ਰਿਬਿਖਾਦੰ॥੪੯॥੨੦੫॥**

***ਭਾਵਾਰਥ:–*** (ਤਾਜਿਯੰ) ਅਰਬੀ (ਬਾਜਿਯੰ) ਘੋੜੇ ਏਧਰ ਓਧਰ ਫਿਰਦੇ ਹਨ। (ਦਾਰੁਣ) ਭਿਆਨਕ (ਬਾਰੁਣੰ) ਹਾਥੀ ਅਤੇ ਰਾਜ ਕੁਮਾਰ ਗੱਜ ਉੱਠੇ। ਸੰਖ ਅਤੇ (ਭੇਰੀ) ਨਗਾਰੇ ਵੱਜ ਪਏ ਅਤੇ ਸੰਖ ਦੀ ਆਵਾਜ਼ ਪੈਦਾ ਹੋ ਰਹੀ ਸੀ। ਨਫੀਰੀ ਦੀ (ਨ੍ਰਿਬਿਖਾਦੰ) ਇਕ ਰਸ ਧੁਨੀ (ਰਣੰਕੈ) ਬੋਲਦੀ ਸੀ॥੪੯॥੨੦੫॥

**ਕੜੱਕੇ ਕ੍ਰਿਪਾਣੰ ਸੜੱਕਾਰ ਸੇਲੰ॥ ਉਠੀ ਕੂਹ ਜੂਹੰ ਭਈ ਰੇਲ ਪੇਲੰ॥**
**ਰੁਲੇ ਤੱਛ ਮੁੱਛੰ ਗਿਰੇ ਚੌਰ ਚੀਰੰ॥ ਕਹੂੰ ਹੱਥ ਮਥੰ ਕਹੂੰ ਬਰਮ ਬੀਰੰ॥੫੦॥੨੦੬॥**

***ਭਾਵਾਰਥ:–*** ਤਲਵਾਰਾਂ ਕੜਕੀਆਂ, (ਸੇਲੰ) ਨੇਜ਼ਿਆਂ ਦੀ ਸੜਕ (ਧੁਨੀ) ਹੋਈ। (ਜੂਹ) ਸਭ ਪਾਸੀਂ (ਕੂਹ) ਆਵਾਜ਼ (ਧੁਨੀ) ਉੱਠ ਖਲੋਤੀ ਅਤੇ (ਰੇਲ ਪੇਲੰ) ਪੱਕਾ ਧੱਕੀ ਹੋਈ। (ਤਛ ਮੁੱਛੰ) ਕੱਟੇ ਵੱਢੇ (ਯੋਧੇ) ਰੁਲੇ ਪਏ ਹਨ, ਚੌਰ ਅਤੇ ਕੱਪੜੇ ਡਿੱਗੇ ਪਏ ਹਨ। ਕਿਤੇ ਹੱਥ, (ਕਿਤੇ) (ਮੱਥੰ) ਸਿਰ, ਕਿਤੇ (ਬਰਮ) ਸੰਜੋਆਂ ਅਤੇ (ਕਿਤੇ) ਯੋਧੇ (ਡਿੱਗ ਪਏ) ਹਨ॥੫੦॥੨੦੬॥

**ਰਸਾਵਲ ਛੰਦ॥**

**ਬਲੀ ਬੈਰ ਰੁੱਝੇ॥ ਸਮੁਹ ਸਾਰ ਜੁੱਝੇ॥**

**ਸੰਭਾਰੇ ਹਥਯਾਰੰ॥ ਬਕੈ ਮਾਰ ਮਾਰੰ॥੫੧॥੨੦੭॥**

***ਭਾਵਾਰਥ:–*** ਯੋਧੇ (ਬੈਰ) ਵਿਰੋਧ ਵਿੱਚ ਫੱਸ ਗਏ। (ਸਾਰ) ਸ਼ਸਤਰਾਂ ਦੇ ਸਾਹਮਣੇ ਹੋ ਕੇ (ਜੁੱਝੇ) ਮਰਦੇ ਹਨ। ਹਥਿਆਰ (ਸੰਭਾਰੇ) ਫੜ੍ਹ ਕੇ ਮਾਰੋ ਮਾਰ (ਬਕੈ) ਬੋਲਦੇ ਹਨ॥੫੧॥੨੦੭॥

**ਸਬੈ ਸਸਤ੍ਰ ਸੱਜੇ॥ ਮਹਾ ਬੀਰ ਗੱਜੇ॥**

**ਸਰੰ ਓਘ ਛੁੱਟੇ॥ ਕੜੱਕਾਰ ਉੱਠੇ॥੫੨॥੨੦੮॥**

***ਭਾਵਾਰਥ:–*** ਸਾਰਿਆਂ ਸ਼ਸਤਰਾਂ ਨੂੰ ਸਜਾ ਕੇ ਮਹਾਨ ਸੂਰਮੇ ਗੱਜ ਪਏ, (ਓਘ) ਸਭ ਤੀਰ ਚੱਲ ਪਏ, ਕੜਾਕੇ ਉੱਠ ਖਲੋਤੇ॥੫੨॥੨੦੮॥

**ਬਜੈਂ ਬਾਦਿਤ੍ਰੇਯੰ॥ ਹਸੈਂ ਗਾਂਧ੍ਰਬੇਯੰ॥**

**ਝੰਡਾ ਗੱਡ ਜੁੱਟੇ॥ ਸਰੰ ਸੰਜ ਫੁੱਟੇ॥੫੩॥੨੦੯॥**

***ਭਾਵਾਰਥ:–*** (ਬਾਦਿਤ੍ਰੇਅੰ) ਵਾਜੇ ਵੱਜੇ। ਗੰਧਰਬ ਹੱਸੇ। (ਝੰਡਾ ਗੱਡ) ਦ੍ਰਿੜਤਾ ਨਾਲ ਲੜੇ, ਤੀਰਾਂ ਅਤੇ ਸੰਜੋਆਂ ਫੁੱਟ ਗਈਆਂ॥੫੩॥੨੦੯॥

**ਚਹੂੰ ਓਰ ਉੱਠੇ॥ ਸਰੰ ਬ੍ਰਿਸ੍ਰਿ ਬੁੱਠੇ॥**

**ਕਰੋਧੀ ਕਰਾਲੰ॥ ਬਕੈਂ ਬਿਕਰਾਲੰ॥੫੪॥੨੧੦॥**

***ਭਾਵਾਰਥ:–*** ਚਹੁੰਆਂ ਪਾਸਿਆਂ ਤੋਂ ਉੱਠ ਖਲੋਤੇ, ਤੀਰਾਂ ਦੀ (ਬ੍ਰਿਸਟਿ) ਬਾਰਸ਼ ਹੋਈ। ਭਿਆਨਕ ਕ੍ਰੋਧ ਵਾਲੇ ਭਿਆਨਕ ਹੀ ਬੋਲਦੇ ਸਨ॥੫੪॥੨੧੦॥

**ਭੁਜੰਗ ਪ੍ਰਯਾਤ ਛੰਦ॥**

**ਕਿਤੇ ਕੁਠੀਯੰ ਬੁਠੀਯੰ ਬ੍ਰਿਸ੍ਰਿ ਬਾਣੰ॥ ਰਣੰ ਡੁਲਿਯੰ ਬਾਜਿ ਖਾਲੀ ਪਲਾਣੰ॥**

**ਜੁਟੇ ਜੋਧਿਯੰ ਬੀਰ ਦੇਵੰ ਅਦੇਵੰ॥ ਸੁਭੇ ਸਸਤ੍ਰ ਸਾਜਾ ਮਨੋ ਸਾਂਤਨੇਵੰ॥੫੫॥੨੧੧॥**

***ਭਾਵਾਰਥ:–*** ਕਈ ਤੀਰਾਂ ਦੀ ਬਾਰਸ਼ ਦੇ ਵਰ੍ਹਨ ਵਾਲ (ਕੁੱਠਿਯੰ) ਮਾਰੇ ਗਏ। ਜੰਗ ਵਿੱਚ (ਪਲਾਣ) ਕਾਠੀਆਂ ਤੋਂ ਖਾਲੀ ਹੀ ਘੋੜੇ (ਡੱਲਿਯੰ) ਫਿਰਦੇ ਹਨ। ਦੇਵਤਿਆਂ ਅਤੇ ਦੈਂਤਾਂ ਦੇ ਯੋਧੇ ਸੂਰਵੀਰ ਲੜਾਈ ਵਿੱਚ ਜੁੱਟ ਪਏ। ਸ਼ਸਤਰਾਂ ਨੂੰ ਸਜਾ ਕੇ (ਸੁਭੇ) ਚੰਗੇ ਬਣੇ ਹੋਏ ਮਾਨੋ ਕਿ (ਸਾਂਤਨੇਵੰ) ਸ਼ਾਤਨੂੰ ਦਾ ਪੁੱਤਰ (ਸ਼ਾਂਤਨੇਯ ਭਾਵ ਭੀਸ਼ਮ ਪਿਤਾਮ) ਹੈ॥੫੫॥੨੧੧॥

**ਗਜੇ ਗੱਜਿਯੰ ਸਰਬ ਸੱਜੇ ਪਵੰਗੰ॥ ਜੁੱਧੰ ਜੁੱਟਿਯੰ ਜੋਧ ਛੁੱਟੇ ਖਤੰਗੰ॥**

**ਤੜੱਕੇ ਤਬੱਲੰ ਝੜੰਕੇ ਕ੍ਰਿਪਾਣੰ॥ ਸੜੱਕਾਰ ਸੇਲੰ ਰਣੰਕੇ ਨਿਸਾਣੰ॥੫੬॥੨੧੨॥**

***ਭਾਵਾਰਥ:–*** ਸਾਰੇ (ਗੱਜਿਯੰ) ਹਾਥੀਆਂ ਅਤੇ (ਪਵੰਗੰ) ਘੋੜਿਆਂ ਨੂੰ ਸਾਜਣ ਵਾਲੇ ਯੋਧੇ ਗੱਜੇ। ਯੋਧੇ ਜੰਗ ਨੂੰ ਜੁੱਟ ਪਏ (ਖਤੰਗੰ) ਤੀਰ ਚੱਲ ਪਏ। (ਤਬੱਲੰ) ਨਗਾਰੇ ਖੜਕੇ, ਤਲਵਾਰਾਂ (ਝੜੰਕੰ) ਵੱਜੀਆਂ

(ਲਿਸ਼ਕੀਆਂ ਜਾਂ ਹਿੱਲੀਆਂ)। (ਸੇਲੰ) ਨੇਜੇ ਸੜਕ (ਧੂਨੀ ਨਾਲ ਚੱਲੇ), ਨਗਾਰੇ (ਰਣੰਕੇ) ਵੱਜੇ॥੫੬॥੨੧੨॥

**ਢਮਾ ਢੱਮ ਢੋਲੰ ਢਕਾ ਢੁੱਕ ਢਾਲੰ[੧]॥ ਗਜਾ ਜੂਹ ਗੱਜੇ ਹਯੰ ਹਾਲਚਾਲੰ*॥**
**ਸਟਾ ਸੱਟ ਸੇਲੰ ਖਹਾ ਖੂਨਿ ਖੱਗੰ॥ ਤੁਟੇ ਚਰਮ ਬਰਮੰ ਉਠੇ ਨਾਲ ਅੱਗੰ॥੫੭॥੨੧੩॥**

***ਭਾਵਾਰਥ:–*** ਢੋਲਾਂ ਦੀ ਢਮਾ ਢੱਮ ਧੂਨੀ ਨਿਕਲੀ, ਢਾਲਾਂ ਦਾ ਢਕਾ ਢੁੱਕ ਖੜਾਕ ਹੋਇਆ, (ਜੂਹ) ਸਭ ਹਾਥੀ ਗੱਜੇ ਅਤੇ ਘੋੜਿਆਂ ਦੀ ਹਲਚਲੀ (ਖਲਬਲੀ) ਮੱਚੀ। ਨੇਜੇ ਸਟਾ ਸੱਟ (ਚੱਲ) ਪਏ, ਲਹੂ ਨਾਲ (ਖੱਗੰ) ਤਲਵਾਰਾਂ (ਤੀਰ) ਖਹੇ। ਢਾਲਾਂ ਅਤੇ ਸੰਜੋਆਂ ਟੁੱਟ ਗਈਆਂ, (ਬੰਦੂਕਾਂ ਅਤੇ ਤੋਪਾਂ ਦੀਆਂ) ਨਾਲੀਆਂ 'ਚੋਂ ਅੱਗ ਨਿਕਲੀ॥੫੭॥੨੧੩॥

**ਉਠੇ ਅੱਗਿ ਨਾਲੰ ਖਹੇ ਖੋਲ ਖੱਗੰ॥ ਨਿਸਾਮਾਵਸੀ ਜਾਣੁ ਮਾਸਾਣ ਜੱਗੰ॥**
**ਡਕੀ ਡਾਕਣੀ ਡਾਮਰੂ ਡੌਰ ਡੱਕੰ॥ ਨਚੇ ਬੀਰ ਬੈਤਾਲ ਭੂਤੰ ਭਭੱਕੰ॥੫੮॥੨੧੪॥**

***ਭਾਵਾਰਥ:–*** (ਖੋਲ) ਸਿਰਾਂ ਦੀਆਂ ਸੰਜੋਆਂ ਅਤੇ (ਖੱਗੰ) ਤਲਵਾਰਾਂ ਖਹਿਣ ਤੋਂ ਅੱਗ ਦੀ (ਨਾਲੰ) ਧਾਰ ਉੱਠਦੀ ਹੈ। ਮਾਨੋ ਕਿ ਅਮਾਵਸ ਦੀ ਹਨ੍ਹੇਰੀ ਰਾਤ ਨੂੰ (ਮਸਾਣ) ਚਿਖਾ, ਮੜ੍ਹੀ (ਜੱਗੰ) ਬਲਦੀ ਹੈ। ਡਾਇਣਾਂ ਡਮਰੂ, ਡੌਰੂ ਅਤੇ (ਡੱਕੰ) ਡੁਗਡੁਗੀਆਂ ਨਾਲ (ਡਕੀ) ਬੋਲਦੀਆਂ ਸਨ। (ਬਵੰਜਾ) ਬੀਰ ਅਤੇ ਬੈਤਾਲ ਨੱਚੇ, ਭੂਤ ਭਭਕ ਉੱਠੇ॥੫੮॥੨੧੪॥

**ਬੇਲੀ ਬਿਦ੍ਰਮ ਛੰਦ॥**
**ਸਰਬਾਸਤ੍ਰ ਆਵਤ ਭੇ ਜਿਤੇ॥ ਸਭ ਕਾਟਿ ਦੀਨ ਦ੍ਰੁਗਾ ਤਿਤੇ॥**
**ਅਰਿ ਔਰ ਜੇਤਿਕ ਡਾਰਿਯੰ॥ ਤੇਊ ਕਾਟਿ ਭੂਮਿ ਉਤਾਰਿਯੰ॥੫੯॥੨੧੫॥**

***ਭਾਵਾਰਥ:–*** ਜਿੰਨੇ ਵੀ ਅਸਤਰ ਆਏ, ਓਨੇ ਹੀ ਦੁਰਗਾ ਨੇ ਕੱਟ ਦਿੱਤੇ। ਵੈਰੀ (ਸੁੰਭ) ਨੇ ਜਿੰਨੇ ਕੁ ਹੋਰ (ਸ਼ਸਤਰ) ਸੁੱਟੇ, ਓਹ ਵੀ ਕੱਟ ਕੇ (ਦੁਰਗਾ ਨੇ) ਜ਼ਮੀਨ ਤੇ ਸੁੱਟ ਦਿੱਤੇ॥੫੯॥੨੧੫॥

**ਸਰ ਆਪ ਕਾਲੀ ਛੰਡਿਯੰ॥ ਸਰਬਾਸਤ੍ਰ ਸੱਤ੍ਰ ਬਿਹੰਡਿਯੰ॥**
**ਸਸਤ੍ਰ ਹੀਨ ਜਬੈ ਨਿਹਾਰਿਯੋ॥ ਜੈ ਸਬਦ ਦੇਵਨ ਉਚਾਰਿਯੋ॥੬੦॥੨੧੬॥**

***ਭਾਵਾਰਥ:–*** ਕਾਲੀ ਦੁਰਗਾ ਨੇ ਆਪ ਤੀਰ ਚਲਾਏ। ਦੁਸ਼ਮਣ ਦੇ ਸਾਰੇ ਅਸਤਰ (ਬਿਹੰਡੀਅੰ) ਨਾਸ ਕਰ ਦਿੱਤੇ। ਜਦੋਂ ਸੁੰਭ ਨੂੰ ਦੇਵਤਿਆਂ ਨੇ ਸ਼ਸਤਰ-ਹੀਣ ਹੋਇਆ ਵੇਖਿਆ ਤਾਂ ਜੈਕਾਰ ਸ਼ਬਦ ਉੱਚਾਰਿਆ॥੬੦॥੨੧੬॥

**ਨਭ ਮਧਜ ਬਾਜਨ ਬਾਜਹੀਂ॥ ਅਵਿਲੋਕਿ ਦੇਵਾ ਗਾਜਹੀਂ॥**
**ਲਖਿ ਦੇਵ ਬਾਰੰਬਾਰ ਹੀਂ॥ ਜੈ ਸਬਦ ਸਰਬ ਪੁਕਾਰ ਹੀਂ॥੬੧॥੨੧੭॥**

---

੧* ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਵਾਲੀਆਂ ਸੈਂਚੀਆਂ ਦਾ ਅਸ਼ੁੱਧ ਪਾਠ ਇਓਂ ਹੈ- 'ਢਮਾ ਢੱਮ ਢੱਲੰ ਢਲਾ ਢੁੱਕ ਢਾਲੰ॥ ਗਹਾ ਜੂਹ ਗੱਜੇ ਹਯੰ ਹਲਚਾਲੰ' ਵੇਖੋ ਸਫ਼ਾ ੧੧੪।

***ਭਾਵਾਰਥ:–*** ਆਕਾਸ਼ ਵਿੱਚ ਵਾਜੇ ਵਜਾਉਂਦੇ ਹਨ। ਦੇਵੀ ਨੂੰ ਵੇਖ ਕੇ ਗੱਜਦੇ ਹਨ। ਪੁਨ: ਪੁਨ: ਦੇਵਤੇ ਵੇਖ ਕੇ ਸਾਰੇ ਹੀ ਜੈ ਸ਼ਬਦ ਨੂੰ ਬੋਲਦੇ ਹਨ॥੬੧॥੨੧੭॥

**ਰਣ ਕੋਪ ਕਾਲ ਕਰਾਲਿਯੰ॥ ਖਟ ਅੰਗ ਪਾਣਿ ਉਛਾਲਿਯੰ॥**
**ਸਿਰ ਸੁੰਭ ਹੱਥ ਦੁਛੰਡਿਯੰ॥ ਇਕ ਚੋਟ ਦੁਸਟ ਬਿਹੰਡਿਯੰ॥੬੨॥੨੧੮॥**

***ਭਾਵਾਰਥ:–*** (ਕਾਲ) ਦੁਰਗਾ ਨੇ ਰਣ ਵਿੱਚ (ਕਰਾਲਿਯੰ) ਮਹਾਨ ਕ੍ਰੋਧ ਨਾਲ (ਖਟ ਅੰਗ) ਖੜਗ (ਤਲਵਾਰ) ਵਾਲਾ ਹੱਥ (ਉਛਾਲਿਯੰ) ਉੱਚਾ ਕਰ ਕੇ (ਹੱਥ ਦੁ) ਦੁਹੱਥੜ (ਚੋਟ) ਸੁੰਭ ਦੇ ਸਿਰ ਤੇ (ਛੰਡਿਯੰ) ਮਾਰੀ, ਇੱਕੋ ਚੋਟ ਨਾਲ ਦੁਸਟ (ਸੁੰਭ) ਮਾਰ ਦਿੱਤਾ॥੬੨॥੨੧੮॥

**ਦੋਹਰਾ॥**
**ਜਿਮ ਸੁੰਭਾਸੁਰ ਕੋ ਹਨਾ ਅਧਿਕ ਕੋਪ ਕੈ ਕਾਲ॥**
**ਤਜੋਂ ਸਾਧਨ ਕੇ ਸਤ੍ਰ ਸਭ ਚਾਬਤ ਜਾਂਹ ਕਰਾਲ॥੬੩॥੨੧੯॥**

***ਭਾਵਾਰਥ:–*** ਜਿਸ ਤਰ੍ਹਾਂ ਸੁੰਭ ਦੈਂਤ ਨੂੰ (ਕਾਲ) ਕਾਲੀ ਦੁਰਗਾ ਨੇ ਬਹੁਤ ਕ੍ਰੋਧ ਕਰਕੇ ਮਾਰ ਦਿੱਤਾ ਸੀ। ਉਸੇ ਤਰ੍ਹਾਂ ਹੀ ਸਾਧੂਆਂ ਦੇ ਸਾਰੇ (ਕਰਾਲ) ਭਿਆਨਕ ਵੈਰੀ ਚੱਬਦੇ ਜਾਂਦੇ ਹਨ॥੬੩॥੨੧੯॥

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਸੁੰਭ ਬਧਹ ਖਸ੍ਟਮੋ ਧਯਾਯ ਸੰਪੂਰਣ ਮਸਤੁ ਸੁਭ ਮੁਸਤੁ ॥੬॥ਅਫਜੂ॥**

***ਭਾਵਾਰਥ:–*** ਏਥੇ ਸੋਹਣੇ ਬਚਿਤ੍ਰ ਨਾਟਕ ਦੇ ਚੰਡੀ ਚਰਿਤ੍ਰ ਵਿੱਚੋਂ ਸੁੰਭ ਦੇ ਮਾਰੇ ਜਾਣ ਵਾਲਾ ਛੇਵਾਂ ਅਧਿਆਇ ਪੂਰਾ ਹੋਇਆ ਹੈ, ਸ਼ੁਭ ਹੈ॥੬॥ ਹੋਰ...॥

**ਅਥ ਜੈਕਾਰ ਸਬਦ ਕਥਨੰ॥**

***ਭਾਵਾਰਥ:–*** (ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਹੁਣ ਜੈਕਾਰ ਦਾ ਸ਼ਬਦ, ਜੋ ਦੇਵਤਿਆਂ ਨੇ ਕੀਤਾ ਸੀ, ਉਹ ਕਹਿੰਦਾ ਹਾਂ।

**ਬੇਲੀ ਬਿਦ੍ਰਮ ਛੰਦ॥**
**ਜੈ ਸਬਦ ਦੇਵ ਪੁਕਾਰਹੀਂ॥ ਸਭ ਫੂਲ ਫੂਲਨ ਡਾਰਹੀਂ॥**
**ਘਨਸਾਰ ਕੁੰਕਮ ਲਜਾਇ ਕੈ॥ ਟੀਕਾ ਦਿਯੋ ਹਰਖਾਇ ਕੈ॥੧॥੨੨੦॥**

***ਭਾਵਾਰਥ:–*** ਦੇਵਤੇ ਜੈ (ਸ਼ਬਦ) ਧੁਨੀ ਨੂੰ ਬੋਲਦੇ ਹਨ। ਸਾਰੇ (ਫੂਲ) ਖੁਸ਼ ਹੋ ਕੇ ਫੁੱਲ ਸੁੱਟਦੇ ਹਨ। (ਘਨਸਾਰ) ਕਪੂਰ-ਚੰਦਨ ਅਤੇ (ਕੁੰਕਮ) ਕੇਸਰ ਲਿਆ ਕੇ ਅਤੇ ਖੁਸ਼ ਹੋ ਕੇ (ਦੁਰਗਾ ਨੂੰ ਜੈ) ਤਿਲਕ ਕੀਤਾ॥੧॥੨੨੦॥

**ਚੌਪਈ॥**
**ਉਸਤਤਿ ਸਬਹੂੰ ਕਰੀ ਅਪਾਰਾ॥ ਬ੍ਰਹਮ ਕਵਚ ਕੋ ਜਾਪ ਉਚਾਰਾ॥**

**ਸੰਤ ਸੰਬੂਹ ਪ੍ਰਫੁਲਿਤ ਭਏ॥ ਦੁਸਟ ਅਰਿਸਟ ਨਾਸ ਹ੍ਵੈ ਗਏ॥੨॥੨੨੧॥**

***ਭਾਵਾਰਥ:-*** ਸਾਰਿਆਂ ਹੀ ਬਹੁਤ ਉਸਤਤ ਕੀਤੀ। ਬ੍ਰਹਮ ਕਵਚ (ਮੰਤ੍ਰ) ਦਾ ਜਾਪ ਕੀਤਾ। ਸਭ (ਸੰਤ) ਸਾਂਤਜਾਤਮ (ਦੇਵਤੇ) ਖੁਸ਼ ਹੋਏ। (ਅਰਿਸਟ) ਵੈਰ ਨੂੰ ਪਿਆਰਾ ਮੰਨਣ ਵਾਲੇ ਦੁਸ਼ਟ ਦੈਂਤ ਨਾਸ ਹੋ ਗਏ॥੨॥੨੨੧॥

**ਸਾਧਨ ਕੋ ਸੁਖ ਬਢੇ ਅਨੇਕਾ॥ ਦਾਨਵ ਦੁਸਟ ਨ ਬਾਚਾ ਏਕਾ॥**
**ਸੰਤ ਸਹਾਇ ਸਦਾ ਜਗ ਮਾਈ॥ ਜਹ ਤਹ ਸਾਧਨ ਹੋਇ ਸਹਾਈ॥੩॥੨੨੨॥**

***ਭਾਵਾਰਥ:-*** ਸਾਧੂਆਂ ਲਈ ਅਨੇਕਾਂ ਹੀ ਸੁੱਖ ਵਧ ਗਏ। ਇੱਕ ਵੀ (ਦੁਸਟ) ਬੁਰਾ ਦੈਂਤ ਨਾ ਬਚ ਸਕਿਆ। ਜਗਤ ਮਾਤਾ (ਦੁਰਗਾ) ਸਦਾ ਹੀ ਸੰਤਾਂ ਦੀ ਸਹਾਇਕ ਹੈ। ਸਾਧੂਆਂ ਨੂੰ (ਜਹ ਤਹ) ਸਭ ਥਾਂ ਸਹਾਇਕ ਹੁੰਦੀ ਹੈ॥੩॥੨੨੨॥

**ਦੇਵੀ ਜੂ ਕੀ ਉਸਤਤਿ॥ ਭੁਜੰਗ ਪ੍ਰਯਾਤ ਛੰਦ॥**
**ਨਮੋ ਜੋਗ ਜ੍ਵਾਲੰ ਧਰੀਯੰ ਜੁਆਲੰ॥ ਨਮੋ ਸੁੰਭ ਹੰਤੀ ਨਮੋ ਕ੍ਰੂਰ ਕਾਲੰ॥**
**ਨਮੋ ਸ੍ਰੋਣ ਬੀਰਜਾਰਦਨੀ ਧੂਮ੍ਰ ਹੰਤੀ॥ ਨਮੋ ਕਾਲ ਕਾ ਰੂਪ ਜ੍ਵਾਲਾ ਜਯੰਤੀ॥੪॥੨੨੩॥**

***ਭਾਵਾਰਥ:-*** ਯੋਗ ਦੀ ਅੱਗ ਰੂਪ ਅਤੇ (ਜੁਆਲੰ) ਅੱਗ ਦੀ ਲਾਟ ਭਾਵ ਮੌਤ ਦਾ ਦਿਨ ਧਾਰਨ ਵਾਲੀ ਨੂੰ ਨਮਸਕਾਰ। ਸੁੰਭ ਨੂੰ ਮਾਰਨ ਵਾਲੀ ਨੂੰ ਨਮਸਕਾਰ, ਕਾਲ ਵਾਂਗ (ਕ੍ਰੂਰ) ਭਿਆਨਕ ਨੂੰ ਨਮਸਕਾਰ। ਸ੍ਰੋਣਤ ਵੀਰਜ ਨੂੰ ਮਾਰਨ ਵਾਲੀ ਨੂੰ ਨਮਸਕਾਰ, ਧੂਮ੍ਰ ਲੋਚਨ ਨੂੰ ਮਾਰਨ ਵਾਲੀ ਨੂੰ ਨਮਸਕਾਰ। ਕਾਲ (ਕਾ) ਦੀ (ਜ੍ਵਾਲਾ) ਲਾਟ ਨੂੰ (ਜਯੰਤੀ) ਪੈਦਾ ਕਰਨ ਵਾਲੀ ਦੇ ਰੂਪ ਨੂੰ ਨਮਸਕਾਰ॥੪॥੨੨੩॥

**ਨਮੋ ਅੰਬਿਕਾ ਜੰਭਹਾ ਜੋਤਿ ਰੂਪਾ॥ ਨਮੋ ਚੰਡ ਮੁੰਡਾਰਦਨੀ ਭੂਪ ਭੂਪਾ॥**
**ਨਮੋ ਚਾਮਰੰ ਚੀਰਣੀ ਚਿਤ੍ਰ ਰੂਪੰ॥ ਨਮੋ ਪਰਮ ਪ੍ਰਗਜਾ ਬਿਰਾਜੈ ਅਨੂਪੰ॥੫॥੨੨੪॥**

***ਭਾਵਾਰਥ:-*** ਜੰਭ ਦੈਂਤ ਨੂੰ ਮਾਰਨ ਵਾਲੀ ਜੋਤ ਰੂਪ (ਅੰਬਿਕਾ) ਮਾਤਾ ਨੂੰ ਨਮਸਕਾਰ। ਚੰਡ ਅਤੇ ਮੁੰਡ ਨੂੰ ਮਾਰਨ ਵਾਲੀ ਅਤੇ ਰਾਜਿਆਂ ਉੱਤੇ ਰਾਜ ਕਰਨ ਵਾਲੀ ਨੂੰ ਨਮਸਕਾਰ। ਚਾਮਰ ਦੈਂਤ ਨੂੰ ਚੀਰ ਸੁੱਟਣ ਵਾਲੀ (ਚਿਤ੍ਰ) ਸੁੰਦਰ ਸਰੂਪ ਨੂੰ ਨਮਸਕਾਰ। ਪਰਮ (ਪ੍ਰਗਜਾ) ਬੁੱਧੀ ਰੂਪ (ਅਨੂਪ) ਸੋਹਣੀ (ਬਿਰਾਜੈ) ਚਮਕਦੀ ਨੂੰ ਨਮਸਕਾਰ॥੫॥੨੨੪॥

**ਨਮੋ ਪਰਮ ਰੂਪਾ ਨਮੋ ਕ੍ਰੂਰ ਕਰਮਾ॥ ਨਮੋ ਰਾਜਸਾ ਸਾਤਕਾ ਪਰਮ ਬਰਮਾ॥**
**ਨਮੋ ਮਹਿਖ ਦਈਤ ਕੋ ਅੰਤ ਕਰਣੀ॥ ਨਮੋ ਤੋਖਣੀ ਸੋਖਣੀ ਸਰਬ ਇਰਣੀ॥੬॥੨੨੫॥**

***ਭਾਵਾਰਥ:-*** ਮਹਾਨ ਰੂਪਵਾਲੀ ਨੂੰ ਨਮਸਕਾਰ, (ਕ੍ਰੂਰ) ਭਿਆਨਕ ਕਰਮ ਵਾਲੀ ਨੂੰ ਨਮਸਕਾਰ। ਰਜੋ ਗੁਣੀ, ਸਤੋ ਗੁਣੀ ਅਤੇ ਉੱਤਮ (ਬਰਮਾ) ਸੰਜੋਅ ਵਾਲੀ (ਤਮੋ ਗੁਣੀ) ਨੂੰ ਨਮਸਕਾਰ। ਮਹਿਖਾਸੁਰ ਦਾ (ਅੰਤ) ਨਾਸ ਕਰਨ ਵਾਲੀ ਨੂੰ ਨਮਸਕਾਰ। (ਤੋਖਣੀ) ਪ੍ਰਸੰਨ ਕਰਨ ਵਾਲੀ, ਸੁਕਾਉਣ ਵਾਲੀ ਅਤੇ ਸਾਰਿਆਂ ਨੂੰ (ਇਰਣੀ) ਪ੍ਰੇਰਣ ਵਾਲੀ ਨੂੰ ਨਮਸਕਾਰ॥੬॥੨੨੫॥

**ਬਿੜਾਲਾਛ ਹੰਤੀ ਕਰੂਰਾਛ ਘਾਯਾ॥ ਦਿਜਗ ਦਜਾਰਦਨੀਯੰ ਨਮੋ ਜੋਗ ਮਾਯਾ॥**
**ਨਮੋ ਭੈਰਵੀ ਭਾਰਗਵੀਯੰ ਭਵਾਨੀ॥ ਨਮੋ ਜੋਗ ਜ੍ਵਾਲੰ ਧਰੀ ਸਰਬ ਮਾਨੀ॥੭॥੨੨੬॥**

***ਭਾਵਾਰਥ:–*** ਬਿੜਾਲਾਛ ਨਾਮੇ ਦੈਂਤ ਨੂੰ ਮਾਰਨ ਵਾਲੀ, ਕ੍ਰੂਰਾਛ ਨਾਮੇ ਦੈਂਤ ਨੂੰ (ਘਾਯਾ) ਮਾਰਨ ਵਾਲੀ। ਦਿਗਜਾਂ ਦੇ ਮੁਖੀਆਂ ਬ੍ਰਹਮਾ 'ਤੇ ਦਇਆ ਕਰਕੇ ਪਸੀਜਨ ਵਾਲੀ ਅਤੇ ਯੋਗ ਮਾਇਆ ਰੂਪ ਨੂੰ ਨਮਸਕਾਰ। ਭੈਰਵ ਦੀ ਸ਼ਕਤੀ, (ਭੈਰਵ ਰੂਪ) (ਭਾਰਗਵੀਅੰ) ਭਾਰਗਵ ਵੰਸ਼ ਨਾਲ ਸੰਬੰਧਿਤ (ਉਹ ਸ਼ਸਤਰ ਵਿੱਦਿਆ ਜੀਹਦੇ ਆਚਾਰ ਪਰਸ਼ੂਰਾਮ ਜਾਂ ਸ਼ੁਕਰਾਚਾਰਯ ਹੋਏ ਹਨ) ਅਤੇ (ਭਵਾਨੀ) ਪੈਦਾਇਸ਼ ਕਰਨ ਵਾਲੀ ਨੂੰ ਨਮਸਕਾਰ। ਯੋਗ ਰੂਪ (ਜ੍ਵਾਲਾ) ਅੱਗ ਨੂੰ ਧਾਰਨ ਵਾਲੀ ਅਤੇ ਸਾਰਿਆਂ ਦੀ ਮੰਨੀ ਪ੍ਰਮੰਨੀ ਹੋਈ ਨੂੰ ਨਮਸਕਾਰ॥੭॥੨੨੬॥

**ਅਧੀ ਉਰਧਵੀ ਆਪ ਰੂਪਾ ਅਪਾਰੀ॥ ਰਮਾ ਰਾਸ੍ਰਰੀ ਕਾਮ ਰੂਪਾ ਕੁਮਾਰੀ॥**
**ਭਵੀ ਭਾਵਨੀ ਭਈਰਵੀ ਭੀਮ ਰੂਪਾ॥ ਨਮੋ ਹਿੰਗੁਲਾ ਪਿੰਗੁਲਾਯੰ ਅਨੂਪਾ॥੮॥੨੨੭॥**

***ਭਾਵਾਰਥ:–*** (ਅਧੀ) ਹੇਠਾਂ ਵਾਲੀ, (ਉਰਧਵੀ) ਉੱਤਾਂਹ ਵਾਲੀ ਅਤੇ (ਆਪ) ਮੱਧ ਰੂਪ ਵਾਲੀ, ਬੇਅੰਤ। (ਰਮਾ) ਲੱਛਮੀ (ਰਾਸਟਰੀ) ਰਾਣੀ (ਰਾਸ਼ਟਰ ਦੀ ਮਾਲਕ) (ਕਾਮ) ਸੋਹਣੇ ਰੂਪ ਵਾਲੀ (ਕੁਮਾਰੀ) ਕੰਨਿਆ। (ਭਵੀ) ਸ਼ਿਵ ਦੀ ਸ਼ਕਤੀ, (ਭਵਾਨੀ) ਸ਼ਰਧਾ ਰੂਪ, ਭੈਰਵ ਦੀ ਸ਼ਕਤੀ, ਭਿਆਨਕ ਰੂਪ ਵਾਲੀ। ਹਿੰਗੁਲਾਜ (ਪਰਬਤ) ਨਿਵਾਸੀ, (ਪਿੰਗੁਲਾ) ਪੀਲੇ ਅੰਗ (ਰੂਪ) ਵਾਲੀ ਅਤੇ ਅਨੂਪਮ ਨੂੰ ਨਮਸਕਾਰ॥੮॥੨੨੭॥

**ਨਮੋ ਜੁੱਧਨੀ ਕ੍ਰੁੱਧਨੀ ਕ੍ਰੂਰ ਕਰਮਾ॥ ਮਹਾ ਬੁੱਧਿਨੀ ਸਿੱਧਿਨੀ ਸੁੱਧ ਧਰਮਾ॥**
**ਪਰੀ ਪਦਮਨੀ ਪਾਰਬਤੀ ਪਰਮ ਰੂਪਾ॥ ਸਿਵੀ ਬਾਸਵੀ ਬ੍ਰਾਹਮੀ ਰਿੱਧਿ ਕੂਪਾ॥੯॥੨੨੮॥**

***ਭਾਵਾਰਥ:–*** ਜੰਗ ਵਾਲੀ, ਕ੍ਰੋਧ ਵਾਲੀ ਅਤੇ ਭਿਆਨਕ ਕਰਮ ਵਾਲੀ ਨੂੰ ਨਮਸਕਾਰ। ਉੱਤਮ ਬੁੱਧੀ ਵਾਲੀ, ਸਿੱਧੀਆਂ ਵਾਲੀ ਅਤੇ (ਸੁੱਧ) ਨਿਰਮਲ ਧਰਮ ਵਾਲੀ। (ਪਰੀ) ਅਪਸਰਾ, ਪਦਮਣੀ ਜਾਤੀ ਦੀ ਇਸਤਰੀ। (ਹਿਮਾਲਯ) ਪਰਬਤ ਦੀ ਲੜਕੀ, ਉੱਤਮ ਰੂਪ ਵਾਲੀ। (ਸਿਵੀ) ਉਮਤ (ਬਾਸਵੀ) ਸਚੀ, (ਬ੍ਰਾਹਮੀ) ਸਰਸਵਤੀ ਅਤੇ ਰਿੱਧੀਆਂ ਦਾ ਖੂਹ (ਅਟੁੱਟ ਭੰਡਾਰ) ਹੈ॥੯॥੨੨੮॥

**ਮ੍ਰਿੜਾ ਮਾਰਜਨੀ ਸੂਰਤਵੀ ਮੋਹ ਕਰਤਾ॥ ਪਰਾ ਪਿਸਟਣੀ ਪਾਰਬਤੀ ਦੁਸਟ ਹਰਤਾ॥**
**ਨਮੋ ਹਿੰਗੁਲਾ ਪਿੰਗੁਲਾ ਤੋਤਲਾਯੰ॥ ਨਮੋ ਕਾਰਤਿਕਜਾਨੀ ਸਿਵਾ ਸੀਤਲਾਯੰ॥੧੦॥੨੨੯॥**

***ਭਾਵਾਰਥ:–*** (ਮ੍ਰਿੜਾ) ਸ਼ਿਵ ਦੀ ਇਸਤਰੀ (ਮੁਰਦ ਵਾਹਨੀ), (ਮਾਰਜਨੀ) ਸਾਫ਼ ਕਰਨ ਵਾਲੀ, (ਸੂਰਤਵੀ) ਦਇਆ ਵਾਲੀ ਅਤੇ ਮੋਹ ਨੂੰ ਕਰਨ ਵਾਲੀ। (ਪਰਾ) ਬ੍ਰਹਮ ਵਿੱਦਿਆ ਦੀ (ਪਿਸਟਣੀ) ਆਸਰਾ, ਪਰਬਤ ਨਾਲ ਸੰਬੰਧਿਤ, ਦੁਸ਼ਟਾਂ ਨੂੰ ਮਾਰਨ ਵਾਲੀ। ਹਿੰਗੁਲਾਜ ਨਾਲ ਸੰਬੰਧਿਤ, ਪੀਲੇ ਅੰਗਾਂ ਵਾਲੀ (ਪਿੰਗਲ ਸ਼ਾਸ਼ਤਰ ਦੀ ਆਚਾਰਯ), (ਤੋਤਲਾਯੰ) ਤੋਤਲਾ ਬੋਲਣ ਵਾਲੀ। (ਕਾਰਤਿਕਜਾਨੀ) ਸ੍ਵਾਮੀ ਕਾਰਤਿਕ ਦੀ ਸ਼ਕਤੀ, ਸ਼ਿਵ ਦੀ ਸ਼ਕਤੀ ਅਤੇ ਠੰਢੀ ਨੂੰ ਨਮਸਕਾਰ॥੧੦॥੨੨੯॥

**ਭਵੀ ਭਾਰਗਵੀਯੰ ਨਮੋ ਸਸਤ੍ਰ ਪਾਣੰ॥ ਨਮੋ ਅਸਤ੍ਰ ਧਰਤਾ ਨਮੋ ਤੇਜ ਮਾਣੰ॥**
**ਜਯਾ ਆਜਯਾ ਚਰਮਣੀ ਚਾਵਡਾਯੰ॥ ਕ੍ਰਿਪਾ ਕਾਲਕਾਯੰ ਨਯੰ ਨਿਤਜ ਨਜਾਯੰ॥੧੧॥੨੩੦॥**

***ਭਾਵਾਰਥ:-*** (ਭਵੀ) ਸ਼ਿਵ ਦੀ ਸ਼ਕਤੀ, (ਭਾਰਗਵੀਯੰ) ਭ੍ਰਿਗੁ ਰਿਸ਼ੀ ਦੇ ਚਰਨ ਚਿੰਨ੍ਹ ਵਾਲੇ (ਭਗਵਾਨ ਵਿਸ਼ਨੂੰ) ਦੀ ਸ਼ਕਤੀ ਅਤੇ ਹੱਥਾਂ ਵਿੱਚ ਸ਼ਸਤਰ ਰੱਖਣ ਵਾਲੀ ਨੂੰ ਨਮਸਕਾਰ। ਅਸਤਰਾਂ ਨੂੰ ਧਾਰਨ ਵਾਲੀ ਨੂੰ ਨਮਸਕਾਰ, ਤੇਜ (ਮਾਣੰ) ਵਾਲੀ ਨੂੰ ਨਮਸਕਾਰ। (ਜਯਾ ਆਜਯਾ) ਜਿੱਤ ਹਾਰ ਵਾਲੀ (ਜਨਮ ਅਜਨਮ ਵਾਲੀ) (ਚਰਮਣੀ) ਢਾਲ ਵਾਲੀ (ਸਰੀਰ ਵਾਲੀ) (ਚਾਵਡਾਯੰ) ਚਾਮੁੰਡਾ। ਕ੍ਰਿਪਾ ਰੂਪਾ, ਕਾਲਕਾ ਰੂਪਾ, ਨਿਤ ਨਵੇਂ ਇਨਸਾਫ਼ ਵਾਲੀ॥੧੧॥੨੩੦॥

**ਨਮੋ ਚਾਪਣੀ ਚਰਮਣੀ ਖੜਗਪਾਣੰ॥ ਗਦਾ ਪਾਣਿਣੀ ਚਕ੍ਰਣੀ ਚਿਤ੍ਰ ਮਾਣੰ॥**
**ਨਮੋ ਸੂਲਣੀ ਸੈਹਥੀ ਪਾਣਿ ਮਾਤਾ॥ ਨਮੋ ਗਯਾਨ ਬਿਗਯਾਨ ਕੀ ਗਯਾਨ ਗਯਾਤਾ॥੧੨॥੨੩੧॥**

***ਭਾਵਾਰਥ:-*** (ਚਾਪਣੀ) ਕਮਾਨ ਵਾਲੀ, ਢਾਲ ਵਾਲੀ ਅਤੇ ਹੱਥ ਵਿੱਚ ਤਲਵਾਰ ਵਾਲੀ ਨੂੰ ਨਮਸਕਾਰ। ਹੱਥ ਵਿੱਚ ਗਦਾ ਵਾਲੀ, ਚੱਕਰ ਵਾਲੀ ਅਤੇ (ਚਿਤ੍ਰਮਾਣੰ) ਵਿਚਿੱਤਰਤਾ ਵਾਲੀ। (ਸੂਲ) ਤੀਰਾਂ ਵਾਲੀ ਅਤੇ ਹੱਥ ਵਿੱਚ (ਸੈਹਥੀ) ਬਰਛੀ ਵਾਲੀ ਮਾਤਾ ਨੂੰ ਨਮਸਕਾਰ। (ਗਿਆਨ ਬਿਗਿਆਨ) ਬ੍ਰਹਮ ਗਿਆਨ ਅਤੇ ਮਾਇਆਵਿਕ ਗਿਆਨ ਦੀ (ਗਿਆਨ ਗਿਆਤਾ) ਚੰਗੀ ਤਰ੍ਹਾਂ ਜਾਣੂੰ ਨੂੰ ਨਮਸਕਾਰ॥੧੨॥੨੩੧॥

**ਨਮੋ ਪੋਖਣੀ ਸੋਖਣੀਯੰ ਮ੍ਰਿੜਾਲੀ॥ ਨਮੋ ਦੁਸਟ ਦੋਖਾਰਦਨੀ ਰੂਪ ਕਾਲੀ॥**
**ਨਮੋ ਜੋਗ ਜ੍ਵਾਲਾ ਨਮੋ ਕਾਰਤਿਕਯਾਨੀ॥ ਨਮੋ ਅੰਬਿਕਾ ਤੋਤਲਾ ਸ੍ਰੀ ਭਵਾਨੀ॥੧੩॥੨੩੨॥**

***ਭਾਵਾਰਥ:-*** (ਪੋਖਣੀ ਸੋਖਣੀ) ਪਾਲਣ ਵਾਲੀ ਅਤੇ ਮਾਰਨ ਵਾਲੀ (ਮ੍ਰਿੜਾਲੀ) ਸ਼ਿਵ ਦੀ ਸ਼ਕਤੀ ਨੂੰ ਨਮਸਕਾਰ। ਦੁਸਟ ਦੋਖੀ ਨੂੰ (ਅਰਦਨੀ) ਮਾਰਨ ਵਾਲੀ (ਕਾਲੀ) ਕਾਲਿਕਾ ਰੂਪ ਨੂੰ ਨਮਸਕਾਰ। ਯੋਗ ਰੂਪ ਅੱਗ ਨੂੰ ਨਮਸਕਾਰ, ਸ੍ਵਾਮੀ ਕਾਰਤਿਕ ਦੀ ਅਕਤੀ ਨੂੰ ਨਮਸਕਾਰ। (ਅੰਬਿਕਾ) ਮਾਤਾ, ਤੋਤਲਾ ਬੋਲਣ ਵਾਲੀ, (ਸ੍ਰੀ) ਲਛਮੀ ਅਤੇ (ਭਵਾਨੀ) ਦੁਰਗਾ ਨੂੰ ਨਮਸਕਾਰ॥੧੩॥੨੩੨॥

**ਨਮੋ ਦੋਖ ਦਾਹੀ ਨਮੋ ਦੁੱਖਯ ਹਰਤਾ॥ ਨਮੋ ਸਸਤ੍ਰਣੀ ਅਸਤ੍ਰਣੀ ਕਰਮ ਕਰਤਾ॥**
**ਨਮੋ ਰਿਸਟਣੀ ਪੁਸਟਣੀ ਪਰਮ ਜ੍ਵਾਲਾ॥ ਨਮੋ ਤਾਰੁਣੀਯੰ ਨਮੋ ਬ੍ਰਿਧ ਬਾਲਾ॥੧੪॥੨੩੩॥**

***ਭਾਵਾਰਥ:-*** ਦੋਸ਼ਾਂ ਨੂੰ ਸਾੜਨ ਵਾਲੀ ਨੂੰ ਨਮਸਕਾਰ, ਦੁੱਖਾਂ ਨੂੰ ਨਾਸ ਕਰਨ ਵਾਲੀ ਨੂੰ ਨਮਸਕਾਰ। ਸ਼ਸਤਰਾਂ ਵਾਲੀ, ਅਸਤਰਾਂ ਵਾਲੀ ਅਤੇ ਕਰਮ ਨੂੰ ਕਰਨ ਵਾਲੀ ਨੂੰ ਨਮਸਕਾਰ। (ਰਿਸਟਣੀ ਪੁਸਟਣੀ) ਬਲਵਾਨ ਕਰਨ ਵਾਲੀ ਨੂੰ, (ਪਰਮ ਜੁਆਲਾ) ਮਹਾਂ (ਤੇਜਮਈ) ਰੂਪਾ ਨੂੰ ਨਮਸਕਾਰ। (ਤਾਰੁਣੀਅੰ) ਜੁਆਨ ਰੂਪ ਵਾਲੀ ਨੂੰ ਨਮਸਕਾਰ, ਬ੍ਰਿਧ ਅਤੇ ਬਾਲਿਕਾ ਨੂੰ ਨਮਸਕਾਰ॥੧੪॥੨੩੩॥

**ਨਮੋ ਸਿੰਘ ਬਾਹੀ ਨਮੋ ਦਾੜ੍ਹ ਗਾੜ੍ਹੰ॥ ਨਮੋ ਖੱਗ ਦੱਗੰ ਝਮਾ ਝੱਮ ਬਾੜ੍ਹੰ॥**
**ਨਮੋ ਰੂੜ੍ਹ ਗੂੜ੍ਹੰ ਨਮੋ ਸਰਬ ਬਯਾਪੀ॥ ਨਮੋ ਨਿਤਯ ਨਾਰਾਯਣੀ ਦੁਸਟ ਖਾਪੀ॥੧੫॥੨੩੪॥**

***ਭਾਵਾਰਥ:–*** ਸ਼ੇਰ ਦੀ ਸਵਾਰੀ ਵਾਲੀ ਨੂੰ ਨਮਸਕਾਰ, (ਗਾੜੰ) ਮਜ਼ਬੂਤ ਦਾੜ੍ਹਾਂ ਵਾਲੀ ਨੂੰ ਨਮਸਕਾਰ। (ਜੀਹਦੀ) ਖੜਗ ਦੀ (ਬਾੜੰ) ਧਾਰ ਝਮਝੰਮ (ਦੱਗੰ) ਪ੍ਰਕਾਸ਼ਦੀ ਹੈ ਉਹਨੂੰ ਨਮਸਕਾਰ। (ਗੂੜ੍ਹੰ) ਗੁਹਜਤਾ ਵਿੱਚ (ਰੂੜ੍ਹ) ਵਿਰਾਜਮਾਨ ਨੂੰ ਨਮਸਕਾਰ। ਸਰਵ ਵਿਆਪਕ ਨੂੰ ਨਮਸਕਾਰ। ਨਿੱਤ ਨਾਰਾਇਣ (ਵਿਸ਼ਨੂੰ) ਦੀ ਸ਼ਕਤੀ ਅਤੇ ਦੁਸ਼ਟਾਂ ਨੂੰ ਨਾਸ ਕਰਨ ਵਾਲੀ ਨੂੰ ਨਮਸਕਾਰ॥੧੫॥੨੩੪॥

**ਨਮੋ ਰਿੱਧਿ ਰੂਪੰ ਨਮੋ ਸਿੱਧਿ ਕਰਣੀ॥ ਨਮੋ ਪੋਖਣੀ ਸੋਖਣੀ ਸਰਬ ਭਰਣੀ॥**
**ਨਮੋ ਆਰਜਨੀ ਮਾਰਜਨੀ ਕਾਲਰਾਤ੍ਰੀ॥ ਨਮੋ ਜੋਗ ਜ੍ਵਾਲੰ ਧਰੀ ਸਰਬ ਦਾਤ੍ਰੀ॥੧੬॥੨੩੫॥**

***ਭਾਵਾਰਥ:–*** (ਰਿੱਧਿ) ਲੰਗਰ ਰੂਪਾ ਭਾਵ ਅੰਨਪੂਰਣਾ ਨੂੰ ਨਮਸਕਾਰ, ਸਿੱਧੀਆਂ ਕਰਨ ਵਾਲੀ ਨੂੰ ਨਮਸਕਾਰ। (ਪੋਖਣੀ) ਪੈਦਾ ਕਰਨ ਵਾਲੀ, (ਸੋਖਣੀ) ਮਾਰਨ ਵਾਲੀ ਅਤੇ ਸਭ ਨੂੰ (ਭਰਣੀ) ਪਾਲਣ ਵਾਲੀ ਨੂੰ ਨਮਸਕਾਰ। (ਅਰਜਨੀ) ਅਰਜੁਨ ਦੀ ਸ਼ਕਤੀ, (ਆਰਜਨੀ) ਪੈਦਾ ਕਰਨ ਵਾਲੀ ਭਾਵ ਸੰਗ੍ਰਹਿ ਕਰਨ ਵਾਲੀ, (ਮਾਰਜਨੀ) ਸਾਫ਼ ਕਰਨ ਵਾਲੀ ਅਤੇ (ਕਾਲਰਾਤ੍ਰੀ) ਮੌਤ ਦੀ ਰਾਤ (ਸ਼ਿਵ ਰਾਤ੍ਰੀ, ਅਮਾਵਸ) ਨੂੰ ਨਮਸਕਾਰ। ਯੋਗ ਦੀ ਅੱਗ ਧਾਰਨ ਵਾਲੀ, ਸਭ ਦੀ ਦਾਤੀ ਨੂੰ ਨਮਸਕਾਰ॥੧੬॥੨੩੫॥

**ਨਮੋ ਪਰਮ ਪਰਮੇਸ੍ਵਰੀ ਧਰਮ ਕਰਣੀ॥ ਨਮੋ ਨਿਤਜ ਨਾਰਾਇਣੀ ਦੁਸਟ ਦਰਣੀ॥**
**ਛਲਾ ਆਛਲਾ ਈਸੁਰੀ ਜੋਗ ਜ੍ਵਾਲੀ॥ ਨਮੋ ਬਰਮਣੀ ਚਰਮਣੀ ਕ੍ਰੂਰ ਕਾਲੀ॥੧੭॥੨੩੬॥**

***ਭਾਵਾਰਥ:–*** ਮਹਾਨ (ਪਰਮੇਸ੍ਵਰੀ) ਮਹਾਰਾਣੀ ਧਰਮ ਕਰਨ ਵਾਲੀ ਨੂੰ ਨਮਸਕਾਰ। ਸਦਾ ਨਵੀਂ ਨਰਾਇਣ ਦੀ ਸ਼ਕਤੀ, ਦੁਸ਼ਟਾਂ ਨੂੰ ਦਲਣ ਵਾਲੀ। ਨਾ ਛਲੀ ਜਾਣ ਵਾਲੀ ਅਤੇ (ਆਛਲਾ) ਅਖਲ ਭਾਵ ਸਭ ਨੂੰ ਛਲਣ ਵਾਲੀ, (ਈਸੁਰੀ) ਰਾਣੀ ਭਾਵ ਸ਼ਿਵ ਦੀ ਸ਼ਕਤੀ ਅਤੇ ਯੋਗ ਦੀ (ਜ੍ਵਾਲੀ) ਅੱਗ। (ਬਰਮਣੀ) ਸੰਜੋਆ ਵਾਲੀ, (ਚਰਮਣੀ) ਢਾਲ ਵਾਲੀ ਅਤੇ ਭਿਆਨਕ ਕਾਲੀ ਨੂੰ ਨਮਸਕਾਰ॥੧੭॥੨੩੬॥

**ਨਮੋ ਰੇਚਕਾ ਪੂਰਕਾ ਪ੍ਰਾਤ ਸੰਧਜਾ॥ ਜਿਨੈ ਮੋਹ ਕੈ ਚੌਦਹੂੰ ਲੋਕ ਬੰਧਜਾ॥**
**ਨਮੋ ਅੰਜਨੀ ਗੰਜਨੀ ਸਰਬ ਅਸਤ੍ਰਾ॥ ਨਮੋ ਧਾਰਣੀ ਬਾਰਣੀ ਸਰਬ ਸਸਤ੍ਰਾ॥੧੮॥੨੩੭॥**

***ਭਾਵਾਰਥ:–*** ਸਵੇਰੇ ਅਤੇ ਸ਼ਾਮ ਭਾਵ ਸਦਾ ਹੀ (ਰੇਚਿਕ ਪੂਰਿਕਾ) (ਯੋਗ ਮੱਤ ਅਨੁਸਾਰ ਰੁਕੇ ਹੋਏ ਸ੍ਵਾਣਾਂ ਨੂੰ ਬਾਹਰ ਕੱਢਣਾ) ਪ੍ਰਾਣਾਯਾਮ ਕਰਨ ਵਾਲੀ ਨੂੰ ਨਮਸਕਾਰ। ਜੀਹਨੇ ਮੋਹ ਨਾਲ ਚੌਦਾਂ ਹੀ ਲੋਕਾਂ ਨੂੰ ਬੰਨ੍ਹਿਆ ਹੋਇਆ ਹੈ। (ਅੰਜਨੀ) ਅੱਖਾਂ ਦੇ ਇਸ਼ਾਰਿਆਂ ਨਾਲ ਹੀ ਸਾਰਿਆਂ ਅਸਤਰਾਂ ਨੂੰ (ਗੰਜਨੀ) ਨਾਸ ਕਰਨ ਵਾਲੀ ਨੂੰ ਨਮਸਕਾਰ। ਸਾਰਿਆਂ ਸ਼ਸਤਰਾਂ ਦੀ (ਬਾਰਣੀ) ਰੋਕ ਨੂੰ ਧਾਰਨ ਕਰਨ ਵਾਲੀ ਨੂੰ ਨਮਸਕਾਰ।॥੧੮॥੨੩੭॥

**ਨਮੋ ਅੰਜਨੀ ਗੰਜਨੀ ਦੁਸ੍ਰ ਗਰਬਾ॥ ਨਮੋ ਤੋਖਨੀ ਸੋਖਣੀ ਸੰਤ ਸਰਬਾ॥**
**ਨਮੋ ਸਕਤਣੀ ਸੂਲਣੀ ਖੜਗ ਪਾਣੀ॥ ਨਮੋ ਤਾਰਣੀ ਕਾਰਣੀਯੰ ਕ੍ਰਿਪਾਣੀ॥੧੯॥੨੩੮॥**

***ਭਾਵਾਰਥ:–*** ਦੁਸ਼ਟਾਂ ਦੇ ਅਹੰਕਾਰ ਨੂੰ ਨਾਸ ਕਰਨ ਵਾਲੇ (ਅੰਜਨੀ) ਸੁਰਮੇ (ਲੋਕਾਂਜਨ) ਵਾਲੀ ਨੂੰ ਨਮਸਕਾਰ। (ਤੋਖਣੀ) ਪ੍ਰਸੰਨ ਕਰਨ ਵਾਲੀ ਅਤੇ ਸਾਰਿਆਂ ਸੰਤਾਂ ਨੂੰ (ਸੋਖਣੀ) ਪਾਲਣ ਵਾਲੀ ਨੂੰ ਨਮਸਕਾਰ॥ (ਸਕਤਣੀ) ਬਰਛੀ ਵਾਲੀ (ਸੂਲ) ਤੀਰ ਵਾਲੀ ਅਤੇ ਹੱਥ ਵਿੱਚ ਤੇਗ਼ ਵਾਲੀ ਨੂੰ ਨਮਸਕਾਰ। ਤਾਰਨ ਵਾਲੀ (ਤਰੁਣਿ) ਯੁਵਾ ਇਸਤਰੀ ਅਤੇ ਕ੍ਰਿਪਾਨਾਂ ਵਾਲਿਆਂ ਦੀ ਕਾਰਨ ਰੂਪਾ ਨੂੰ ਨਮਸਕਾਰ॥੧੯॥੨੩੮॥

**ਨਮੋ ਰੂਪ ਕਾਲੀ ਕਪਾਲੀ ਅਨੰਦੀ॥ ਨਮੋ ਚੰਦ੍ਰਣੀ ਭਾਨਵੀਅੰ ਗੁਬਿੰਦੀ॥**
**ਨਮੋ ਛੈਲ ਰੂਪਾ ਨਮੋ ਦੁਸ੍ਰ ਦਰਣੀ॥ ਨਮੋ ਕਾਰਣੀ ਤਾਰਣੀ ਸ੍ਰਿਸ੍ਰਿ ਭਰਣੀ॥੨੦॥੨੩੯॥**

***ਭਾਵਾਰਥ:–*** ਕਾਲਿਕਾ ਰੂਪ ਅਤੇ (ਅਨੰਦੀ) ਨੰਦੀ ਗਣ (ਬੈਲ) ਰਹਿਤ (ਕਪਾਲੀ) ਸ਼ਿਵ ਰੂਪਾ ਨੂੰ ਨਮਸਕਾਰ। ਚੰਦਰਮਾ ਵਾਲੀ (ਚੰਦ੍ਰਮਾ ਦੀ ਸ਼ਕਤੀ), ਸੂਰਜ ਵਾਲੀ ਅਤੇ ਗੋਬਿੰਦ (ਵਿਸ਼ਨੂੰ) ਵਾਲੀ ਨੂੰ ਨਮਸਕਾਰ। (ਛੈਲ) ਸੋਹਣੀ ਜੁਆਨ ਰੂਪ ਵਾਲੀ ਨੂੰ ਨਮਸਕਾਰ, ਦੁਸ਼ਟਾਂ ਨੂੰ ਦਲਣ ਵਾਲੀ ਨੂੰ ਨਮਸਕਾਰ। ਕਾਰਨ ਰੂਪਾ, ਤਾਰਣ ਵਾਲੀ ਅਤੇ ਸ੍ਰਿਸ਼ਟੀ ਨੂੰ ਪਾਲਣ ਵਾਲੀ ਨੂੰ ਨਮਸਕਾਰ॥੨੦॥੨੩੯॥

**ਨਮੋ ਹਰਖਣੀ ਬਰਖਣੀ ਸਸਤ੍ਰ ਧਾਰਾ॥ ਨਮੋ ਤਾਰਣੀ ਕਾਰਣੀਯੰ ਅਪਾਰਾ॥**
**ਨਮੋ ਜੋਗਣੀ ਭੋਗਣੀ ਪ੍ਰਮ ਪ੍ਰਗਜਾ॥ ਨਮੋ ਦੇਵ ਦਈਤਜਾਇਣੀ ਦੇਵਿ ਦੁਰਗਜਾ॥੨੧॥੨੪੦॥**

***ਭਾਵਾਰਥ:–*** ਖੁਸ਼ ਰਹਿਣ ਵਾਲੀ ਅਤੇ ਸ਼ਾਸਤਰਾਂ ਦੀ ਧਾਰ ਨੂੰ ਵਰ੍ਹਾਉਣ ਵਾਲੀ ਨੂੰ ਨਮਸਕਾਰ। ਤਾਰਨ ਵਾਲੀ ਅਤੇ ਬੇਅੰਤ ਕਾਰਨਾਂ ਦੇ ਯੋਗ ਨੂੰ ਨਮਸਕਾਰ। ਯੋਗ ਵਾਲੀ, ਭੋਗ ਵਾਲੀ ਅਤੇ ਉੱਤਮ ਬੁੱਧੀ ਵਾਲੀ ਨੂੰ ਨਮਸਕਾਰ। ਦੇਵਤਿਆਂ ਅਤੇ ਦੈਂਤਾਂ ਦੀ ਸ੍ਵਾਮੀਣੀ ਦੁਰਗਾ ਦੇਵੀ ਨੂੰ ਨਮਸਕਾਰ॥੨੧॥੨੪੦॥

**ਨਮੋ ਘੋਰ ਰੂਪਾ ਨਮੋ ਚਾਰੁ ਨੈਣਾ॥ ਨਮੋ ਸੂਲਣੀ ਸੈਥਣੀ ਬਕ੍ਰ ਬੈਣਾ॥**
**ਨਮੋ ਬ੍ਰਿਧਿ ਬੁੱਧੰ ਕਰੀ ਜੋਗ ਜ੍ਵਾਲਾ॥ ਨਮੋ ਚੰਡ ਮੁੰਡੀ ਮ੍ਰਿੜਾ ਕ੍ਰੂਰ ਕਾਲਾ॥੨੨॥੨੪੧॥**

***ਭਾਵਾਰਥ:–*** ਭਿਆਨਕ ਰੂਪ ਧਾਰਨ ਵਾਲੀ ਨੂੰ ਨਮਸਕਾਰ, ਸੋਹਣੀਆਂ ਅੱਖਾਂ ਵਾਲੀ (ਸੋਹਣੀ) ਨੂੰ ਨਮਸਕਾਰ। (ਸੂਲਣੀ) ਤੀਰਾਂ ਵਾਲੀ, (ਸੈਥਣੀ) ਬਰਛੀਆਂ ਵਾਲੀ ਅਤੇ (ਬਕ੍ਰ) ਟੇਢੇ (ਕੌੜੇ) ਵਚਨਾਂ ਵਾਲੀ ਨੂੰ ਨਮਸਕਾਰ। ਬੁੱਧੀ (ਗਿਆਨ) ਦਾ ਵਾਧਾ ਕਰਨ ਵਾਲੀ, ਯੋਗ ਦੀ ਅੱਗ ਨੂੰ ਨਮਸਕਾਰ। ਚੰਡ ਤੇ ਮੁੰਡ ਨੂੰ ਮਾਰਨ ਵਾਲੀ, (ਮ੍ਰਿੜਾ) ਸ਼ਿਵ ਦੀ ਸ਼ਕਤੀ (ਮੁਰਦ ਵਾਹਨੀ) ਅਤੇ ਭਿਆਨਕ ਕਾਲੀ ਨੂੰ ਨਮਸਕਾਰ॥੨੨॥੨੪੧॥

**ਨਮੋ ਦੁਸ੍ਰ ਪੁਸ੍ਰਾਰਦਨੀ ਛੇਮ ਕਰਣੀ॥ ਨਮੋ ਦਾੜ੍ਹ ਗਾੜ੍ਹਾ ਧਰੀ ਦੁਖਜ ਹਰਣੀ॥**
**ਨਮੋ ਸਾਸਤ੍ਰ ਬੇਤਾ ਨਮੋ ਸਸਤ੍ਰ ਗਾਮੀ॥ ਨਮੋ ਜੱਛ ਬਿਦਜਾਧਰੀ ਪੂਰਣ ਕਾਮੀ॥੨੩॥੨੪੨॥**

***ਭਾਵਾਰਥ:–*** (ਪੁਸਟ) ਤੱਕੜੇ ਦੁਸ਼ਟਾਂ ਨੂੰ (ਅਰਦਨੀ) ਨਾਸ ਕਰਨ ਵਾਲੀ ਅਤੇ (ਛੇਮ) ਕਲਿਆਣ ਕਰਨ ਵਾਲੀ ਨੂੰ ਨਮਸਕਾਰ। (ਗਾੜ੍ਹਾ) ਮਜ਼ਬੂਤ ਦਾੜ੍ਹਾਂ ਨੂੰ ਧਾਰਨ ਵਾਲੀ (ਵਰਾਹ ਅਵਤਾਰ ਦੀ

ਸ਼ਕਤੀ) ਅਤੇ ਦੁੱਖ ਨਾਸ ਕਰਨ ਵਾਲੀ ਨੂੰ ਨਮਸਕਾਰ। ਸ਼ਾਸ਼ਤਰਾਂ ਦੀ (ਬੇਤਾ) ਗਿਆਤੀ ਨੂੰ ਨਮਸਕਾਰ, ਸ਼ਸਤਰਾਂ ਦੀ (ਗਾਮੀ) ਪ੍ਰਵੇਸ਼ਤਾ ਵਾਲੀ (ਗਿਆਨਣ) ਨੂੰ ਨਮਸਕਾਰ। ਜੱਛਾਂ ਦੀ ਸ਼ਕਤੀ, ਵਿੱਦਿਆਧਰਾਂ ਦੀ ਸ਼ਕਤੀ ਅਤੇ ਕਾਮਨਾ ਪੂਰਨ ਕਰਨ ਵਾਲੀ ਨੂੰ ਨਮਸਕਾਰ॥੨੩॥੨੪੨॥

**ਰਿਪੰ ਤਾਪਣੀ ਜਾਪਣੀ ਸਰਬ ਲੋਗਾ॥ ਥਪੇ ਥਾਪਣੀ ਖਾਪਣੀ ਸਰਬ ਸੋਗਾ॥**
**ਨਮੋ ਲੰਕੁੜੇਸੀ ਨਮੋ ਸਕਤਿ ਪਾਣੀ॥ ਨਮੋ ਕਾਲਿਕਾ ਖੜਗ ਪਾਣੀ ਕ੍ਰਿਪਾਣੀ॥੨੪॥੨੪੩॥**

***ਭਾਵਾਰਥ:–*** (ਰਿਪੰ) ਦੁਸ਼ਮਣਾਂ ਨੂੰ ਤਪਾਉਣ ਵਾਲੀ, ਸਾਰਿਆਂ ਲੋਕਾਂ ਦੇ ਜਪਣ ਯੋਗ। ਥਾਪਾਂ ਨੂੰ ਥਾਪਣ ਵਾਲੀ, ਸਾਰਿਆਂ ਗ਼ਮਾਂ ਨੂੰ ਨਾਸ ਕਰਨ ਵਾਲੀ॥ ਲੁੰਕੜੇ (ਗਣ) ਦੀ ਮਾਲਿਕਾ ਨੂੰ ਨਮਸਕਾਰ, ਹੱਥ ਵਿੱਚ ਬਰਛੀ ਵਾਲੀ ਨੂੰ ਨਮਸਕਾਰ। ਕਾਲਿਕਾ, ਹੱਥ ਵਿੱਚ ਖੜਗ ਅਤੇ ਤਲਵਾਰ ਵਾਲੀ ਨੂੰ ਨਮਸਕਾਰ॥੨੪॥੨੪੩॥

**ਨਮੋ ਲੰਕੁੜੇਸਾ ਨਮੋ ਨਾਗਰ ਕੋਟੀ॥ ਨਮੋ ਕਾਮ ਰੂਪਾ ਕਮਛਜਾ ਕਰੋਟੀ॥**
**ਨਮੋ ਕਾਲਰਾਤ੍ਰੀ ਕਪਰਦੀ ਕਲਜਾਣੀ॥ ਮਹਾ ਰਿੱਧਿਣੀ ਸਿੱਧਿ ਦਾਤੀ ਕ੍ਰਿਪਾਣੀ॥੨੫॥੨੪੪॥**

***ਭਾਵਾਰਥ:–*** ਲੰਕੁੜੇ (ਗਣ) ਦੀ ਮਾਲਿਕਾ ਨੂੰ ਨਮਸਕਾਰ, (ਨਾਗਰ ਕੋਟੀ) ਨਗਰ ਕੋਟ (ਕਾਂਗੜੇ) ਦੀ ਦੇਵੀ (ਜਵਾਲਾ ਮੁਖੀ) ਨੂੰ ਨਮਸਕਾਰ। ਕਾਮ ਰੂਪ (ਦੇਸ਼) ਦੀ, (ਕਮੱਛਿਆ) ਕਾਮ ਦੇ ਨੇਤਰ (ਭਗ) ਵਾਲੀ ਦੇਵੀ, ਅਤੇ (ਕਰੋਦੀ) ਖੱਪਰ ਵਾਲੀ ਨੂੰ ਨਮਸਕਾਰ। (ਕਾਲ ਰਾਤ੍ਰੀ) ਮੌਤ ਦੀ ਰਾਤ, (ਕਪਰਦੀ) ਜੂੜੇ ਵਾਲੀ ਅਤੇ ਕਲਿਆਣ ਕਰਨ ਵਾਲੀ ਨੂੰ ਨਮਸਕਾਰ। ਮਹਾਨ ਰਿੱਧੀਆਂ ਵਾਲੀ, ਸਿੱਧੀਆਂ ਦੀ ਦਾਤੀ ਅਤੇ (ਕ੍ਰਿਪਾਣੀ) ਮਿਹਰ ਦੀ ਨਿਵਾਸ ਰੂਪਾ ਨੂੰ ਨਮਸਕਾਰ॥੨੫॥੨੪੪॥

**ਨਮੋ ਚਤੁਰ ਬਾਹੀ ਨਮੋ ਅਸਟ ਬਾਹਾ॥ ਨਮੋ ਪੋਖਣੀ ਸਰਬ ਆਲਮ ਪਨਾਹਾ॥**
**ਨਮੋ ਅੰਬਿਕਾ ਜੰਭਹਾ ਕਾਰਤਜਾਨੀ॥ ਮ੍ਰਿੜਾਲੀ ਕਪਰਦੀ ਨਮੋ ਸ੍ਰੀ ਭਵਾਨੀ॥੨੬॥੨੪੫॥**

***ਭਾਵਾਰਥ:–*** ਚਹੁੰ ਬਾਹਾਂ ਵਾਲੀ ਨੂੰ ਨਮਸਕਾਰ, ਅੱਠ ਬਾਹਾਂ ਵਾਲੀ ਨੂੰ ਨਮਸਕਾਰ। ਸਭ ਨੂੰ ਪਾਲਣ ਵਾਲੀ ਅਤੇ ਸੰਸਾਰ ਦੀ (ਪਨਾਹਾ) ਸ਼ਰਨ ਰੂਪਾ ਨੂੰ ਨਮਸਕਾਰ। ਅੰਬਿਕਾ, ਜੰਭ ਨਾਮੇ ਦੈਂਤ ਨੂੰ ਮਾਰਨ ਵਾਲੀ (ਕਾਰਤਜਾਨੀ) ਸ੍ਵਾਮੀ ਕਾਰਤਿਕ ਦੀ ਸ਼ਕਤੀ ਨੂੰ ਨਮਸਕਾਰ। (ਮ੍ਰਿੜਾਲੀ) ਸ਼ਿਵ ਦੀ ਸ਼ਕਤੀ (ਮੁਰਾਦ ਵਾਹਨੀ), (ਕਪਰਦੀ) ਜੂੜੇ ਵਾਲੀ, (ਸ੍ਰੀ) ਲੱਛਮੀ ਅਤੇ (ਭਵਾਨੀ) ਪਾਰਬਤੀ ਭਾਵ ਸ਼ਿਵ ਦੀ ਸ਼ਕਤੀ ਨੂੰ ਨਮਸਕਾਰ॥੨੬॥੨੪੫॥

**ਨਮੋ ਦੇਵ ਅਰਦਜਾਰਦਨੀ[੧] ਦੁਸ੍ਰ ਹੰਤੀ॥ ਸਿਤਾ ਆਸਿਤਾ ਰਾਜਕ੍ਰਾਂਤੀ ਅਨੰਤੀ॥**
**ਜੁਆਲਾ ਜਯੰਤੀ ਅਲਾਸੀ ਅਨੰਦੀ॥ ਨਮੋ ਪਾਰਬ੍ਰਹਮੀ ਹਰੀ ਸੀ ਮੁਕੰਦੀ॥੨੭॥੨੪੬॥**

---

[੧] ਸ੍ਰ. ਬ. ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿੱਚ 'ਅਰਦਜਾਰਦਨੀ' ਦੀ ਵ੍ਯੁਤਪਤੀ 'ਅਰਿੰਦਮ+ਅਰਦਨੀ' ਕੀਤੀ ਹੈ। ਉਪਰ ਲਿਖਿਆ ਅਰਥ ਏਸ ਦੇ ਹੀ ਅਨੁਕੂਲ ਹੈ। ਮੇਰੀ ਵਿਚਾਰ ਅਨੁਸਾਰ 'ਅਰਦਜਾਰਦਨੀ ਪਾਠ ਲਿਖਾਰੀ ਦੀ ਭੁੱਲ ਨਾਲ 'ਅਰਜਾਰਦਨੀ' ਦੀ ਥਾਂ ਬਣਿਆ ਹੋਇਆ ਹੈ। ਏਸ ਦੀ ਵ੍ਯੁਤਪਤੀ 'ਅਰਿ+ਅਰਦਨੀ' ਹੈ। ਸਤੋਤ੍ਰ ਵਿੱਚ ਦ੍ਵਿਤ ਅੱਖਰਾਂ ਦੇ ਹਿਸਾਬ ਅਨੁਸਾਰ ਭੁਜੰਗ ਪ੍ਰਯਾਤ ਛੰਦ ਦੇ ਗੁਣ ਦੋਹੀਂ ਤਰ੍ਹਾਂ ਠੀਕ ਬਣ ਜਾਂਦੇ ਹਨ।

***ਭਾਵਾਰਥ:–*** ਦੇਵਤਿਆਂ ਦੇ (ਅਰਿੰਦਮ) ਵੈਰੀਆਂ (ਦੈਂਤਾਂ) ਨੂੰ ਨਾਸ ਕਰਨ ਵਾਲੀ, ਦੁਸ਼ਟਾਂ ਨੂੰ ਮਾਰਨ ਵਾਲੀ ਨੂੰ ਨਮਸਕਾਰ। (ਸਿਤਾ) ਚਿੱਟੇ ਰੰਗ ਵਾਲੀ (ਆਸਿਤਾ) ਕਾਲੀ, ਰਾਜਿਆਂ ਵਾਂਗ (ਕ੍ਰਾਂਤੀ) ਸੋਭਾ ਵਾਲੀ, ਬੇਅੰਤ ਰੂਪਾ। ਅੱਗ ਦੀ ਲਾਟ ਨੂੰ (ਜਯੰਤੀ) ਪੈਦਾ ਕਰਨ ਵਾਲੀ, (ਅਲਾਸੀ) ਵਿਸ਼ੇਸ਼ ਲਾਸਜ (ਇਸਤਰੀ ਨਾਚ) ਕਰਨ ਵਾਲੀ, ਅਨੰਦ ਵਾਲੀ। ਪਾਰਬ੍ਰਹਮ ਦੀ ਸ਼ਕਤੀ, (ਹਰੀ) ਭਗਵਾਨ ਵਿਸ਼ਨੂੰ ਵਰਗੀ ਮੁਕਤ ਦਾਤੀ ਨੂੰ ਨਮਸਕਾਰ॥੨੭॥੨੪੬॥

**ਜਯੰਤੀ ਨਮੋ ਮੰਗਲਾ ਕਾਲ ਕਾਯੰ॥ ਕਪਾਲੀ ਨਮੋ ਭਦ੍ਰਕਾਲੀ ਸਿਵਾਯੰ॥**
**ਦ੍ਰੁਗਾਯੰ ਛਿਮਾਯੰ ਨਮੋ ਧਾਤ੍ਰਿਯੇਯੰ॥ ਸੁਆਹਾ ਸੁਧਾਯੰ ਨਮੋ ਸੀਤਲੇਯੰ॥੨੮॥੨੪੭॥**

***ਭਾਵਾਰਥ:–*** (ਜਯੰਤੀ) ਜਿੱਤਣ ਵਾਲੀ, (ਮੰਗਲਾ) ਕਲਿਆਣੀ ਅਤੇ ਕਾਲਿਕਾ ਨੂੰ ਨਮਸਕਾਰ। (ਕਪਾਲੀ) ਖੋਪਰੀ ਵਾਲੀ, (ਭਦ੍ਰ ਕਾਲੀ) ਇੱਕ ਵਿਸ਼ੇਸ਼ ਦੇਵੀ (ਜੋ ਸ਼ਿਵ ਅਤੇ ਮਹਾਂ ਮਾਇਆ ਤੋਂ ਪੈਦਾ ਹੋਈ) ਅਤੇ (ਸਿਵਾਯੰ) ਪਾਰਬਤੀ (ਦੁਰਗਾ) ਨੂੰ ਨਮਸਕਾਰ। ਦੁਰਗਾ ਨੂੰ, ਛਮਾ ਰੂਪਾ ਨੂੰ (ਅਤੇ (ਧਾਤ੍ਰੀਯੇਯੰ) ਬ੍ਰਹਮਾ ਦੀ ਸ਼ਕਤੀ ਨੂੰ ਨਮਸਕਾਰ। ਸੁਆਹਾ ਸੁਧਾ (ਬਖਟਕਾਰ ਆਦਿਕ) ਰੂਪਾਂ ਵਾਲੀ ਅਤੇ ਸੀਤਲ ਰੂਪਾ ਨੂੰ ਨਮਸਕਾਰ॥੨੮॥੨੪੭॥

**ਨਮੋ ਚਰਬਣੀ ਸਰਬ ਧਰਮੰ ਧੁਜਾਯੰ॥ ਨਮੋ ਹਿੰਗੁਲਾ ਪਿੰਗੁਲਾ ਅੰਬਿਕਾਯੰ॥**
**ਨਮੋ ਦੀਰਘ ਦਾੜਾ ਨਮੋ ਸ੍ਯਾਮ ਬਰਣੀ॥ ਨਮੋ ਅੰਜਨੀ ਗੰਜਨੀ ਦੈਤ ਦਰਣੀ॥੨੯॥੨੪੮॥**

***ਭਾਵਾਰਥ:–*** ਸਭ ਨੂੰ ਚੱਬਣ ਵਾਲੀ ਅਤੇ ਧਰਮ ਦੀ ਧੁਜਾ ਨੂੰ ਨਮਸਕਾਰ। ਹਿੰਗੁਲਾਜ ਨਿਵਾਸੀ, ਪੀਲੇ ਅੰਗਾਂ ਵਾਲੀ ਮਾਤਾ ਨੂੰ ਨਮਸਕਾਰ। ਵੱਡੀਆਂ ਦਾੜ੍ਹਾਂ ਵਾਲੀ ਨੂੰ ਨਮਸਕਾਰ, ਕਾਲੇ ਰੰਗ ਵਾਲੀ ਨੂੰ ਨਮਸਕਾਰ। ਸੁਰਮੇ ਵਾਲੀ, (ਗੰਜਨੀ) ਮਾਰਨ ਵਾਲੀ ਅਤੇ ਦੈਂਤਾਂ ਨੂੰ ਦਲ ਦੇਣ ਵਾਲੀ ਨੂੰ ਨਮਸਕਾਰ॥੨੯॥੨੪੮॥

**ਨਮੋ ਅਰਧ ਚੰਦ੍ਰਾਇਣੀ ਚੰਦ੍ਰ ਚੂੜੰ॥ ਨਮੋ ਇੰਦ੍ਰ ਊਰਧਾ ਨਮੋ ਦਾੜ ਗੂੜੰ॥**
**ਸਸੰ ਸੇਖਰੀ ਚੰਦ੍ਰਭਾਲਾ ਭਵਾਨੀ॥ ਭਵੀ ਭੈਹਰੀ ਭੂਤਰਾਟੀ ਕ੍ਰਿਪਾਨੀ॥੩੦॥੨੪੯॥**

***ਭਾਵਾਰਥ:–*** ਅਰਧ ਚੰਦ੍ਰ ਵਾਲੇ ਸ਼ਿਵ ਦੀ ਸ਼ਕਤੀ, (ਚੰਦ੍ਰ ਚੂੜੰ) ਸ਼ਿਵ (ਦੀ ਸ਼ਕਤੀ) ਨੂੰ ਨਮਸਕਾਰ। (ਇੰਦ੍ਰ ਊਰਧਾ) ਚੰਦ ਨੂੰ ਉੱਚਾ ਰੱਖਣ ਵਾਲੇ (ਸ਼ਿਵ) ਦੀ ਸ਼ਕਤੀ ਨੂੰ ਨਮਸਕਾਰ। (ਗੂੜੰ) ਮਜ਼ਬੂਤ ਦਾੜ੍ਹਾਂ ਵਾਲੇ (ਕਾਲ) ਨੂੰ ਨਮਸਕਾਰ। ਸ਼ਸ਼ਿ ਸ਼ੇਖਰ (ਸ਼ਿਵ) ਦੀ ਸ਼ਕਤੀ, ਚੰਦ੍ਰ ਭਾਲ (ਸ਼ਿਵ) ਦੀ ਸ਼ਕਤੀ, ਭਵ (ਸ਼ਿਵ) ਦੀ ਸ਼ਕਤੀ, (ਭੈਹਰੀ) ਭੈਰਵ (ਸ਼ਿਵ) ਦੀ ਸ਼ਕਤੀ, ਭੂਤਰਾਟ (ਸ਼ਿਵ) ਦੀ ਸ਼ਕਤੀ, ਤਲਵਾਰ ਵਾਲੀ॥੩੦॥੨੪੯॥

**ਕਲੰਕਾਰਣੀ ਕਰਮ ਕਰਤਾ ਕਮੱਛ੍ਯਾ॥ ਪਰੀ ਪਦਮਨੀ ਪੂਰਣੀ ਸਰਬ ਇੱਛ੍ਯਾ॥**
**ਜਯਾ ਜੋਗਨੀ ਜੱਗ ਕਰਤਾ ਜਯੰਤੀ॥ ਸੁਭਾ ਸ੍ਵਾਮਿਣੀ ਸ੍ਰਿਸ੍ਰਿਜਾ ਸਤ੍ਰ ਹੰਤੀ॥੩੧॥੨੫੦॥**

***ਭਾਵਾਰਥ:–*** ਕਲੰਕਾਂ ਦੀ ਵੈਰਣ, ਕਰਮ ਕਰਨ ਵਾਲੀ, ਕਾਮ ਦੀ ਅੱਖ (ਭਗ)। ਅਪਸਰਾ, ਪਦਮਨੀ, ਸਾਰੀਆਂ ਇੱਛਾਵਾਂ ਪੂਰਨ ਕਰਨ ਵਾਲੀ। ਜਯ ਰੂਪਾ, ਯੋਗ ਵਾਲੀ, ਯੱਗ ਕਰਨ ਵਾਲੀ, ਜਨਮ ਦੇਣ

ਵਾਲੀ। ਸੁਭ (ਕਲਿਆਣ) ਰੂਪਾ, (ਸੁਾਮਿਣੀ) ਮਾਲਕਣ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੀ ਅਤੇ ਵੈਰੀਆਂ ਨੂੰ ਮਾਰਨ ਵਾਲੀ॥੩੧॥੨੫੦॥

**ਪਵਿਤ੍ਰੀ ਪੁਨੀਤਾ ਪੁਰਾਣੀ ਪਰੇਯੰ॥ ਪ੍ਰਭੀ ਪੂਰਣੀ ਪਾਰਬ੍ਰਹਮੀ ਅਜੇਯੰ॥**
**ਅਰੂਪੰ ਅਨੂਪੰ ਅਨਾਮੰ ਅਠਾਮੰ॥ ਅਭੀਤੰ ਅਜੀਤੰ ਮਹਾਧਰਮ ਧਾਮੰ॥੩੨॥੨੫੧॥**

***ਭਾਵਾਰਥ:–*** ਪਵਿੱਤਰ, ਪੁਨੀਤ, ਪੁਰਾਤਨ, ਪਰਾ ਰੂਪਾ, ਪ੍ਰਭਾ ਵਾਲੀ ਪੂਰਨਤਾ ਵਾਲੀ, ਪਾਰਬ੍ਰਹਮ ਵਾਲੀ, ਅਜਿੱਤ। ਰੂਪ ਰਹਿਤ, ਉਪਮਾ ਰਹਿਤ, ਨਾਮ ਰਹਿਤ, ਥਾਂ ਰਹਿਤ। ਭੈ ਰਹਿਤ, ਅਜਿੱਤ ਅਤੇ ਮਹਾਨ ਧਰਮ ਦਾ ਨਿਵਾਸ ਰੂਪਾ॥੩੨॥੨੫੧॥

**ਅਛੇਦੰ ਅਭੇਦੰ ਅਕਰਮੰ ਸੁਧਰਮੰ॥ ਨਮੋ ਬਾਣ ਪਾਣੀ ਧਰੇ ਚਰਮ ਬਰਮੰ॥**
**ਅਜੇਯੰ ਅਭੇਯੰ ਨਿਰੰਕਾਰ ਨਿਤ੍ਯੰ॥ ਨਿਰੂਪੰ ਨ੍ਰਿਬਾਣੰ ਨਮਿਤ੍ਯੰ ਅਕਿਤ੍ਯੰ॥੩੩॥੨੫੨॥**

***ਭਾਵਾਰਥ:–*** ਛੇਕ ਰਹਿਤ, ਭੇਦ (ਪਰਕ) ਰਹਿਤ, ਕਰਮਾਂ ਅਤੇ ਧਰਮਾਂ ਬਿਨਾਂ। ਹੱਥ ਵਿੱਚ ਤੀਰ, ਢਾਲ ਧਾਰਨ ਵਾਲੀ ਅਤੇ ਸੰਜੋਅ ਧਾਰਨ ਵਾਲੀ। ਜਿੱਤਣ ਤੋਂ ਬਿਨਾਂ, ਵਿੰਨ੍ਹਣ ਤੋਂ ਬਿਨਾਂ, ਨਿਰ (ਰੂਪਾ), ਨਿਤ੍ਯ ਰੂਪਾ। ਰੂਪ ਰਹਿਤ, ਆਦਤ ਰਹਿਤ, (ਮਿਤ੍ਯ) ਹੱਦ ਰਹਿਤ, ਕਿੱਤੇ (ਕਰਮ) ਰਹਿਤ॥੩੩॥੨੫੨॥

**ਗੁਰੀ ਗੌਰਜਾ ਕਾਮਗਾਮੀ ਗੁਪਾਲੀ॥ ਬਲੀ ਬੀਰਣੀ ਬਾਵਨਾ ਜਗ੍ਯਾ ਜ੍ਵਾਲੀ॥**
**ਨਮੋ ਸਤ੍ਰੁ ਚਰਬਾਇਣੀ ਗਰਬ ਹਰਣੀ॥ ਨਮੋ ਤੋਖਣੀ ਸੋਖਣੀ ਸਰਬ ਭਰਣੀ॥੩੪॥੨੫੩॥**

***ਭਾਵਾਰਥ:–*** ਗੁਰੂ (ਬ੍ਰਹਸਪਤੀ) ਦੀ ਸ਼ਕਤੀ, ਗੌਰਜਾ, ਕਾਮ ਵਿੱਚ ਪ੍ਰਵੇਸ਼ ਕਰਾਉਣ ਵਾਲੀ, ਗੋਪਾਲ ਦੀ ਸ਼ਕਤੀ। ਬਲਵਾਨ, ਯੋਧਣੀ, ਵਾਮੁਨ (ਅਵਤਾਰ) ਦੀ ਸ਼ਕਤੀ, ਯੱਗ ਦੀ ਅੱਗ। ਵੈਰੀਆਂ ਨੂੰ ਬਚਾਉਣ ਵਾਲੀ ਅਤੇ ਅਹੰਕਾਰ ਨੂੰ ਨਾਸ ਕਰਨ ਵਾਲੀ ਨੂੰ ਨਮਸਕਾਰ। (ਤੋਖਣੀ) ਖੁਸ਼ ਕਰਨ ਵਾਲੀ, ਸੁਕਾਉਣ (ਮਾਰਨ) ਵਾਲੀ ਅਤੇ ਮਾਰਿਆਂ ਨੂੰ ਪਾਲਣ ਵਾਲੀ ਨੂੰ ਨਮਸਕਾਰ॥੩੪॥੨੫੩॥

**ਪਿਲੰਗੀ ਪਵੰਗੀ ਨਮੋ ਚਰਚਿਤੰਗੀ॥ ਨਮੋ ਭਾਵਨੀ ਭੂਤ ਹੰਤਾ ਭੜਿੰਗੀ॥**
**ਨਮੋ ਭੀਮਿ ਰੂਪਾ ਨੋਮ ਲੋਕ ਮਾਤਾ ॥ ਭਵੀ ਭਾਵਨੀਯੰ ਭਵਿਖ੍ਯਾ ਬਿਧਾਤਾ ॥੩੫॥੨੫੪॥**

***ਭਾਵਾਰਥ:–*** ਸ਼ੇਰ ਵਾਲੀ, ਘੋੜੇ ਵਾਲੀ ਅਤੇ ਅੰਗਾਂ ਨੂੰ ਚਰਚਿਤ ਰੱਖਣ ਵਾਲੀ ਨੂੰ ਨਮਸਕਾਰ। ਭਾਵਨਾ ਰੂਪ, (ਭੂਤ) ਜੀਵਾਂ ਦੀ ਨਾਸ ਕਰਤਾ ਅਤੇ (ਭੜਿੰਗੀ) ਲੜਨ (ਭਿੜਨ) ਵਾਲੀ ਨੂੰ ਨਮਸਕਾਰ। ਭਿਆਨਕ ਰੂਪਾਂ ਨੂੰ ਨਮਸਕਾਰ, ਜਗਤ ਮਾਤਾ ਨੂੰ ਨਮਸਕਾਰ। (ਭਵੀ) ਭੂਤ ਕਾਲ ਦੀ ਸ਼ਕਤੀ, (ਭਵਾਨੀਯੰ) ਵਰਤਮਾਨ ਕਾਲ ਦੀ ਸ਼ਕਤੀ, ਭਵਿੱਖ ਕਾਲ ਦੀ ਸ਼ਕਤੀ ਅਤੇ (ਬਿਧਾਤਾ) ਬ੍ਰਹਮਾ ਦੀ ਸ਼ਕਤੀ॥੩੫॥੨੫੪॥

**ਪ੍ਰਭੀ ਪੂਰਣੀ ਪਰਮ ਰੂਪੰ ਪਵਿਤ੍ਰੀ॥ ਪਰੀ ਪੋਖਣੀ ਪਾਰਬ੍ਰਹਮੀ ਗੱਯਤ੍ਰੀ॥**
**ਜਟੀ ਜ੍ਵਾਲ ਪਰ ਚੰਡ ਮੁੰਡੀ ਚਮੁੰਡੀ॥ ਬਰੰ ਦਾਇਣੀ ਦੁਸ੍ਰ ਖੰਡੀ ਅਖੰਡੀ॥੩੬॥੨੫੫॥**

***ਭਾਵਾਰਥ:–*** (ਪ੍ਰਭੀ) ਸੋਭਾ ਵਾਲੀ, ਪੂਰਣਤਾ ਵਾਲੀ, ਉੱਤਮ ਰੂਪ ਵਾਲੀ, ਪਵਿੱਤਰਾ। ਪਰਾ ਰੂਪ, (ਪੋਖਣੀ) ਪਾਲਣ ਵਾਲੀ, ਪਾਰਬ੍ਰਹਮ ਵਾਲੀ (ਗਾਇਤ੍ਰੀ) ਗਾਉਣ ਵਾਲੇ ਦੀ ਰੱਖਿਆ ਕਰਨ ਵਾਲੀ। (ਜਟੀ) ਸ਼ਿਵ ਦੀ ਸ਼ਕਤੀ, (ਜ੍ਵਾਲ ਪਰ) ਪ੍ਰਜਵਲਿਤ ਭਾਵ ਚਮਕਣ ਵਾਲੀ, ਚੰਡ ਮੁੰਡ ਨੂੰ ਮਾਰਨ ਵਾਲੀ, (ਚਮੁੰਡੀ) ਇੱਕ ਵਾਹਣੀ। ਵਰਾਂ ਨੂੰ ਦੇਣ ਵਾਲੀ, ਦੁਸ਼ਟਾਂ ਨੂੰ ਟੂੱਕੜੇ ਕਰਨ ਵਾਲੀ ਅਤੇ ਅਮਰ ਸ਼ਕਤੀ॥੩੬॥੨੫੫॥

**ਸਬੈ ਸੰਤੁਬਾਰੀ ਬਰੰ ਬਜ੍ਰਹ ਦਾਤਾ॥ ਨਮੋ ਤਾਰਣੀ ਕਾਰਣੀ ਲੋਕ ਮਾਤਾ॥**
**ਨਮਸਤਜੰ ਨਮਸਤਜੰ ਨਮਸਤਜੰ ਭਵਾਨੀ॥**
**ਸਦਾ ਰਾਖ ਲੈ ਮੋਹਿ ਕ੍ਰਿਪਾ ਕੈ ਕ੍ਰਿਪਾਨੀ॥੩੭॥੨੫੬॥**

***ਭਾਵਾਰਥ:–*** ਸਾਰਿਆਂ ਸੰਤਾਂ ਦੀ ਰੱਖਿਅਕ, (ਬਜ੍ਰਹ) ਸਭ ਵਰ ਦੇਣ ਵਾਲੀ। (ਤਾਰਣੀ) ਤਰੁਣਾਵਸਥਾ ਵਾਲੀ, ਲੋਕਾਂ ਦੀ ਕਾਰਨ ਰੂਪਾ ਮਾਤਾ ਨੂੰ ਨਮਸਕਾਰ। (ਭਵਾਨੀ) ਸ਼ਿਵ ਦੀ ਸ਼ਕਤੀ ਨੂੰ (ਮਨ, ਬਾਣੀ, ਕਰਮ ਨਾਲ) ਨਮਸਕਾਰ ਹੈ, ਨਮਸਕਾਰ ਹੈ, ਨਮਸਕਾਰ ਹੈ। ਹੇ ਕ੍ਰਿਪਾਨ ਵਾਲੀਏ! ਮੈਨੂੰ ਸਦਾ ਹੀ ਮਿਹਰ ਕਰ ਕੇ ਰੱਖ ਲੈ॥੩੭॥੨੫੬॥

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਦੇਬੀ ਜੂ ਕੀ ਉਸਤਤਿ ਬਰਨਨੰ ਨਾਮ ਸਪਤਮੋ ਧਿਆਯ ਸੰਪੂਰਨ ਮਸਤੁ ਸੁਭ ਮਸਤੁ॥੭॥ਅਫਜੂ॥**

***ਭਾਵਾਰਥ:–*** ਏਥੇ ਸੋਹਣੇ ਬਚਿਤ੍ਰ ਨਾਟਕ ਦੇ ਚੰਡੀ ਚਰਿਤ੍ਰ ਦਾ ਦੇਵੀ ਜੀ ਦੀ ਉਸਤਤ ਨੂੰ ਕਹਿਣ ਵਾਲਾ ਪ੍ਰਸਿੱਧ ਸੱਤਵਾਂ ਅਧਿਆਇ ਪੂਰਾ ਹੋਇਆ ਹੈ, ਸ਼ੁਭ ਹੈ॥੭॥ ਹੋਰ...॥

**ਅਥ ਚੰਡੀ ਚਰਿਤ੍ਰ ਉਸਤਤਿ ਬਰਨਨੰ॥**

***ਭਾਵਾਰਥ:–*** (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਹੁਣ ਚੰਡੀ ਦੇ ਜੀਵਨ ਦੀ ਸਿਫ਼ਤ ਕਹਿੰਦੇ ਹਨ।

**ਭੁਜੰਗ ਪ੍ਰਯਾਤ ਛੰਦ॥**
**ਭਰੇ ਜੋਗਣੀ ਪਤ੍ਰ ਚੌਸਠ ਚਾਰੰ॥ ਚਲੀ ਠਾਮ ਠਾਮੰ ਡਕਾਰੰ ਡਕਾਰੰ॥**
**ਭਰੇ ਨੇਹ ਗੇਹੰ ਗਏ ਕੰਕ ਬੰਕੰ॥ ਰੁਲੇ ਸੂਰਬੀਰੰ ਅਹਾੜੰ ਨ੍ਰਿਸੰਕੰ॥੧॥੨੫੭॥**

***ਭਾਵਾਰਥ:–*** (ਚਾਰੰ) ਸੋਹਣੀਆਂ ਚੌਂਹਠ ਹੀ ਯੋਗਣੀਆਂ (ਪਤ੍ਰ) ਪਾਤ੍ਰ (ਬਰਤਨ, ਖੱਪਰ, ਲਹੂ ਨਾਲ) ਭਰ ਕੇ ਆਪੋ ਆਪਣੀਆਂ ਥਾਂਵਾਂ ਪਰ ਥਾਂਵਾਂ ਨੂੰ (ਡਕਾਰੰ ਡਕਾਰੰ) ਰੱਜ ਰੱਜ ਕੇ ਤੁਰ ਪਈਆਂ। ਘਰਾਂ ਦੇ ਪ੍ਰੇਮ ਵਿਚ ਭਰੇ ਹੋਏ (ਕੰਕ ਨੰਕੰ) ਸੋਹਣੀਆਂ ਇੱਲਾਂ (ਕਾਂ ਅਤੇ ਬਗਲੇ) ਚਲੀਆਂ ਗਈਆਂ। ਯੋਧੇ (ਅਹਾੜੰ) ਮੈਦਾਨੇ ਜੰਗ ਵਿੱਚ (ਨ੍ਰਿਸੰਕੰ) ਬੇਸੰਭਾਲ ਰੁਲੇ ਪਏ ਹਨ॥੧॥੨੫੭॥

**ਚਲੇ ਨਾਰਦਊ ਹਾਥ ਬੀਨਾ ਸੁਹਾਏ॥ ਬਨੇ ਬਾਰਦੀ ਡੰਕ ਡੌਰੂ ਬਜਾਏ॥**
**ਗਿਰੇ ਬਾਜਿ ਗਾਜੀ ਗੱਜੀ ਬੀਰ ਖੇਤੰ॥ ਰੁਲੇ ਤੱਛ ਮੁੱਛੰ ਨੱਚੇ ਭੂਤ ਪ੍ਰੇਤੰ॥੨॥੨੫੮॥**

***ਭਾਵਾਰਥ:-*** ਹੱਥ ਵਿੱਚ (ਬੀਨਾ) ਵੇਣੂ ਨੂੰ (ਸੁਹਾਏ) ਸਜਾ ਕੇ ਨਾਰਦ ਜੀ ਵੀ ਚੱਲ ਪਏ। (ਬਾਰਦੀ) ਬਰਦ ਭਾਵ ਬੈਲ ਵਾਲੇ ਜਾਂ ਸ਼ਿਵ ਜੀ ਵੀ ਡੌਰੂ ਤੇ ਡੰਕੇ (ਬਜਾਏ) ਮਾਰ ਕੇ (ਬਨੇ) ਬਣਤਣ ਕੇ ਅਰਥਾਤ ਸਜ ਕੇ ਤੁਰ ਪਏ। ਮੈਦਾਨੇ ਜੰਗ ਵਿੱਚ (ਬਾਜਿ) ਘੋੜਿਆਂ ਅਤੇ ਹਾਥੀਆਂ ਵਾਲੇ (ਗਾਜੀ) ਯੋਧੇ ਡਿੱਗੇ ਪਏ ਸਨ। (ਤੱਛ ਮੁੱਛੰ) ਕੱਟੇ-ਵਢੇ ਹੋਏ ਰੁਲੇ ਪਏ ਸਨ ਅਤੇ ਭੂਤ ਪ੍ਰੇਤ ਨੱਚਦੇ ਸਨ॥੨॥੨੫੮॥

**ਨਚੇ ਬੀਰ ਬੈਤਾਲ ਅੱਧੰ ਕਮੱਧੰ॥ ਬਧੇ ਬੱਧ ਗੋਪਾਂਗੁਲਿਤ੍ਰਾਣ[1] ਬੱਧੰ॥**
**ਭਏ ਸਾਧੁ ਸੰਬੂਹ ਭੀਤੰ ਅਭੀਤੇ॥ ਨਮੋ ਲੋਕ ਮਾਤਾ ਭਲੇ[2] ਸਤ੍ਰੁ ਜੀਤੇ॥੩॥੨੫੯॥**

***ਭਾਵਾਰਥ:-*** (ਬਵੰਜਾ) ਬੀਰ, ਬੈਤਾਲ ਅਤੇ (ਅੱਧੰ) ਅੱਧੇ (ਕਮੱਧੰ) ਧੜ ਨੱਚਦੇ ਹਨ। (ਗੋਪ) ਗੋਪੀਆਂ ਨੂੰ (ਬੱਧੰ) ਬੰਨ੍ਹਣ ਵਾਲੇ ਅਤੇ (ਅੰਗੁਲਿਤ੍ਰਾਣ) ਦਸਤਾਨਿਆਂ ਨੂੰ ਬੰਨ੍ਹਣ ਵਾਲੇ ਯੋਧੇ (ਬਧੇ) ਮਾਰੇ ਗਏ ਹਨ। (ਭੀਤੰ) ਡਰੇ ਹੋਏ ਸਾਰੇ ਸਾਧੂ (ਅਭੀਤੇ) ਨਿਰਭੈ ਹੋ ਗਏ। ਜਗਤ ਮਾਤਾ ਨੂੰ ਨਮਸਕਾਰ ਹੈ, (ਜਿਨ) ਚੰਗੇ ਦੁਸ਼ਮਣ ਜਿੱਤੇ ਹਨ॥੩॥੨੫੯॥

**ਪੜ੍ਹੈ ਮੂੜ ਯਾ ਕੋ ਧਨੰ ਧਾਮ ਬਾਢੇ॥ ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ॥**
**ਜਗੈ ਰੈਣਿ ਜੋਗੀ ਜਪੈ ਜਾਪ ਯਾ ਕੋ॥ ਧਰੈ ਪਰਮ ਜੋਗੰ ਲਹੈ ਸਿੱਧਿਤਾ ਕੋ॥੪॥੨੬੦॥**

***ਭਾਵਾਰਥ:-*** ਜੇ ਮੂਰਖ ਵੀ ਏਸ ਨੂੰ ਪੜੇਗਾ ਤਾਂ ਘਰ ਵਿੱਚ ਧਨ ਵਧੇਗਾ। ਜੇ (ਸੂਮ ਸੋਫੀ) ਕਾਇਰ ਵੀ ਸੁਣੇਗਾ ਤਾਂ ਉਹ ਵੀ (ਗਾਢੇ) ਮਹਾਂ ਜੰਗ ਵਿੱਚ ਲੜੇਗਾ ਭਾਵ ਮਹਾਂ ਯੋਧਾ ਬਣੇਗਾ। ਜੇ ਯੋਗੀ ਰਾਤ ਨੂੰ ਜਾਗ ਕੇ ਏਸ ਦਾ ਜਾਪ ਰਹੇਗਾ ਤਾਂ ਪਰਮ ਯੋਗ ਨੂੰ ਧਾਰੇਗਾ ਅਤੇ (ਸਿਧਿਤਾ) ਸਿੱਧ ਪਣੇ ਨੂੰ (ਲਹੈ) ਪ੍ਰਾਪਤ ਕਰ ਲਏਗਾ॥੪॥੨੬੦॥

---

[1] ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਨੇ 'ਗੋਪਾਗੁਲਿਤ੍ਰਾਣ' ਨੂੰ ਅਸ਼ੁੱਧ ਮੰਨਿਆ ਹੈ ਅਤੇ 'ਗੋਧਾਂਗੁਲਿਤ੍ਰਾਣ' ਨੂੰ ਸ਼ੁੱਧ ਮੰਨਿਆ ਹੈ। 'ਗੋਧਾ' ਅਤੇ 'ਅੰਗੁਲਿਤ੍ਰਾਣ (ਅੰਗੁਲਿਤ੍ਰ)' ਦਸਤਾਨੇ ਦੇ ਹੀ ਦੋਵੇਂ ਨਾਮ ਹਨ, ਜੇ 'ਗੋਧਾ' ਦਾ 'ਗੋਹ ਦੇ ਚੰਮ ਤੋਂ ਬਣਿਆ ਹੋਇਆ ਚਮੜਾ' ਅਰਥ ਕੀਤਾ ਜਾਵੇ ਤਾਂ 'ਬੱਧ' 'ਬੱਧੰ' ਪਾਠ ਜੋ ਦੋ ਥਾਂਈਂ ਆਇਆ ਹੈ, ਉਹ ਲਵੰਤਾ ਵਿੱਚ ਸਹੀ ਨਹੀਂ ਬਹਿੰਦਾ, ਏਸੇ ਵਾਸਤੇ ਸ੍ਰ. ਬ. ਕਾਨ੍ਹ ਸਿੰਘ ਜੀ ਨੂੰ 'ਵਧੇ (ਵਧ ਕਰੇ) ਅਵਧਜ ਯੋਧਾ' ਅਰਥ ਕਰਨਾ ਪਿਆ ਹੈ ਅਰਥਾਤ 'ਬੱਧ' ਪਾਠ ਦਾ ਅਰਥ ਸ੍ਰ. ਬ. ਕਾਨ੍ਹ ਸਿੰਘ ਜੀ ਨੇ 'ਅਵਧਜ' ਕੀਤਾ ਹੈ। ਇਨ੍ਹਾਂ ਕਾਰਨਾਂ ਤੋਂ ਮੈਂ 'ਗੋਪ ਬੱਧ' ਅਤੇ 'ਅੰਗੁਲਿਤ੍ਰਾਣ ਬੱਧ' (ਦੋ ਪ੍ਰਕਾਰ ਦੇ ਯੋਧੇ) ਅਰਥ ਨੂੰ ਉੱਤਮ ਸਮਝਿਆ ਹੈ ਅਤੇ ਲੜੀ ਵੀ ਏਸੇ ਅਨੁਸਾਰ ਜੋੜੀ ਹੈ। ਮਹਾਨ ਕੋਸ਼ ਵਿੱਚੋਂ 'ਅੰਗੁਲਿਤ੍ਰਾਣ' ਅਤੇ 'ਗੋਧਾ' ਸ਼ਬਦਾਂ ਵਿੱਚ ਏਸੇ ਤੁਕ ਦੀ ਵਿਆਖਿਆ ਕੀਤੀ ਹੋਈ ਹੈ।

[2] ਦੋਨਾਂ ਸਤੋਤ੍ਰਾਂ ਦਾ ਪਾਠ ਕੁਝ ਪ੍ਰੇਮੀ ਨਿਤਨੇਮ ਨਾਲ ਵੀ ਕਰਦੇ ਹਨ। ਕਿਸੇ ਵੇਲੇ ਮੈਂ ਵੀ ਕਰਦਾ ਸਾਂ ਐਂਗਲੋ ਸੰਸਕ੍ਰਿਤੀ ਛਾਪੇਖ਼ਾਨੇ ਲਾਹੌਰ ਵਾਲੀ ਸਫ਼ਰੀ ਬੀੜ ਵਿੱਚ ਤਾਂ ਉਹ ਪਾਠ ਉਪਰੋਕਤ ਹੈ (ਵੇਖੋ ਸਫ਼ਾ ੧੦੭) ਅਤੇ ਹੁਣ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਜੀ ਦੀਆਂ ਛਾਪੀਆਂ ਹੋਈਆਂ ਸੈਂਚੀਆਂ ਵਿੱਚ 'ਭਲੇ' ਦੀ ਥਾਂ 'ਭਵੇ' ਪਾਠ ਵੇਖਣ ਵਿੱਚ ਆ ਰਿਹਾ ਹੈ ਵੇਖੋ ਸਫ਼ਾ ੧੧੮॥ 'ਭਵੇ' ਮੂਲ ਪਾਠ ਇੱਕ ਨਿਸ਼ਚਯ ਨਹੀਂ ਹੁਦਾ ਓਨਾ ਚਿਰ ਲਿਖਾਰੀਆਂ ਤੋਂ ਹੀ ਫ਼ਰਕ ਪਏ ਹੋਏ ਮੰਨਣੇ ਪੈਣਗੇ ਜਿਹੜੇ ਲੋਕ ਮੂਲ ਪਾਠ ਦਾ ਹੀ ਨਿਸ਼ਚਯ ਨਹੀਂ ਕਰ ਸਕਦੇ ਉਨ੍ਹਾਂ ਦੇ ਕੀਤੇ ਅਰਥ ਵੀ ਅਨਿਸ਼ਚਿਤ ਹਨ। ਜੇ ਮੂਲ ਪਾਠ ਹੀ ਵਿਗੜਿਆ ਹੋਇਆ ਹੈ ਤਾਂ ਅਰਥਾਂ 'ਤੇ ਜ਼ੋਰ ਲਾਉਣ ਤੋਂ ਵੀ ਲਾਭ ਦੀ ਥਾਂ ਨੁਕਸਾਨ ਹੀ ਹੁੰਦਾ ਹੈ , ਕਿਉਂਕਿ ਅਰਥ ਤਾਂ ਮੂਲ ਦੇ ਅਨੁਸਾਰ ਹੀ ਚੱਲੇਗਾ ਜੇ ਮੂਲ ਹੀ ਗ਼ਲਤ ਹੈ ਤਾਂ ਅਰਥ ਵੀ ਗ਼ਲਤ ਹੀ ਹੈ । ਏਸ ਵਾਸਤੇ ਮੂਲ ਨੂੰ ਸੁਧਾਰਨਾ ਬਹੁਤ ਜ਼ਰੂਰੀ ਹੈ।

**ਪੜੈ ਯਾਹਿ ਬਿਦਯਾਰਥੀ ਬਿਦਯ ਹੇਤੰ॥ ਲਹੈ ਸਰਬ ਸਾਸਤ੍ਰਾਨ ਕੋ ਮਧਯ ਚੇਤੰ॥**
**ਜਪੈ ਜੋਗ ਸੰਨਯਾਸ ਬੈਰਾਗ ਕੋਈ॥ ਤਿਸੈ ਸਰਬ ਪੁੰਨਯਾਨ ਕੋ ਪੁੰਨਿ ਹੋਈ॥੫॥੨੯੧॥**

***ਭਾਵਾਰਥ:–*** ਏਸ ਨੂੰ ਜੋ ਵਿਦਿਆਰਥੀ ਵਿੱਦਿਆ ਲਈ ਪੜ੍ਹੇਗਾ, ਉਹ ਸਾਰਿਆਂ ਸ਼ਾਸ਼ਤਰਾਂ ਨੂੰ (ਚੇਤੰ) ਜ਼ਿਹਨ ਵਿੱਚ (ਲਹੈ) ਪ੍ਰਾਪਤ ਕਰ ਲਏਗਾ। ਜੋ ਕੋਈ ਯੋਗੀ, ਸੰਨਿਆਸੀ ਅਥਵਾ ਵੈਰਾਗੀ ਵੀ ਜਪੇਗਾ, ਓਸ ਨੂੰ ਸਾਰੇ ਪੁੰਨ ਦਾ ਪੁੰਨ ਹੀ ਪ੍ਰਾਪਤ ਹੋਵੇਗਾ॥੫॥੨੯੧॥

**ਦੋਹਰਾ॥**

**ਜੇ ਜੇ ਤੁਮਰੇ ਧਯਾਨ ਕੋ ਨਿੱਤ ਉਠਿ ਧਯੈਹੈਂ ਸੰਤ॥**
**ਅੰਤ ਲਹੈਗੇ ਮੁਕਤ ਫਲੁ ਪਾਵਹਿੰਗੇ ਭਗਵੰਤ॥੬॥੨੯੨॥**

***ਭਾਵਾਰਥ:–*** ਜਿਹੜੇ ਜਿਹੜੇ ਸੰਤ ਤੇਰੇ (ਧਿਆਨ) ਚੰਡੀ ਚਰਿਤ੍ਰ ਨੂੰ ਸਦਾ ਸਵੇਰੇ ਉੱਠ ਕੇ ਧਿਆਉਣਗੇ। ਉਹ ਅੰਤ ਨੂੰ ਮੁਕਤ ਫਲ ਅਤੇ ਭਗਵਾਨ ਨੂੰ ਵੀ ਪਾਉਣਗੇ॥੬॥੨੯੨॥

**ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਚੰਡੀ ਚਰਿਤ੍ਰ ਉਸਤਤਿ ਬਰਨਨੰ ਅਸਟਮੋ ਧਯਾਯ ਸੰਪੂਰਣ ਮਸਤੁ ਸੁਭ ਮਸਤੁ॥੮॥ਅਫਜੂ॥**

***ਭਾਵਾਰਥ:–*** ਏਥੇ ਸੋਹਣੇ ਬਚਿਤ੍ਰ ਨਾਟਕ ਦੇ ਚੰਡੀ ਚਰਿਤ੍ਰ ਦੇ ਚੰਡੀ ਚਰਿਤ੍ਰ ਦੀ ਉਸਤਤ ਕਥਨ ਵਾਲਾ ਅੱਠਵਾਂ ਅਧਿਆਇ ਪੂਰਾ ਹੋ ਗਿਆ ਹੈ, ਸ਼ੁਭ ਹੈ॥੮॥ ਹੋਰ...॥